# ਕੈਨੇਡੀਅਨ ਪੰਜਾਬੀ ਪੋਸਟ

*Award winning news paper* | Canadian Punjabi Post

Vol 18 * Issue 61

Daily Newspaper Thursday, March 28, 2019

Tel: 905-793-2202 Fax: 905-793-2282 news@punjabipost.ca



Fair Advice Financial | Carle WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2


# ਸੁਪਰੀਮ ਕੋਰਟ ਦੀਆਂ ਨਿਯੁਕਤੀਆਂ ਸਬੰਧੀ ਲੀਕ ਰਿਪੋਰਟਾਂ ਦੀ ਜਾਂਚ ਤੋਂ ਫੈਡਰਲ ਜੂਡੀਸ਼ੀਅਲ ਕਮਿਸ਼ਨਰ ਨੇ ਕੀਤਾ ਇਨਕਾਰ

ਓਟਵਾ, 27 ਮਾਰਚ (ਪੋਸਟ ਬਿਊਰੋ) : ਸੁਪਰੀਮ ਕੋਰਟ ਦਾ ਜੱਜ ਚੁਣੇ ਜਾਣ ਦੇ ਸਬੰਧ ਵਿੱਚ ਕੁੱਝ ਸਾਲ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਜੋਡੀ ਵਿਲਸਨ ਰੇਅਬੋਲਡ ਦਰਮਿਆਨ ਪੈਦਾ ਹੋਏ ਤਣਾਅ ਸਬੰਧੀ ਲੀਕ ਹੋਈਆਂ ਰਿਪੋਰਟਾਂ ਦੀ ਜਾਂਚ ਤੋਂ ਫੈਡਰਲ ਜੁਡੀਸ਼ੀਅਲ ਮਾਮਲਿਆਂ ਸਬੰਧੀ ਕਮਿਸ਼ਨਰ ਨੇ ਇਨਕਾਰ ਕਰ ਦਿੱਤਾ।



ਕੰਜ਼ਰਵੇਟਿਵਾਂ ਵੱਲੋਂ ਇਸ ਮਾਮਲੇ ਦੀ ਜਾਂਚ ਦੀ ਮੰਗ ਬਾਰੇ ਲਿਖੀ ਚਿੱਠੀ ਬਾਬਤ ਜਾਰੀ ਬਿਆਨ ਵਿੱਚ ਕਮਿਸ਼ਨਰ ਮਾਰਕ ਜੀਰੌਅ ਨੇ ਆਖਿਆ ਕਿ ਕਿਸੇ ਵੀ ਗੁਪਤ ਜਾਣਕਾਰੀ ਨੂੰ ਮੀਡੀਆ ਕੋਲ ਰਲੀਜ਼ ਕਰਨਾ ਬੇਹੱਦ ਚਿੰਤਾ ਵਾਲਾ ਮੁੱਦਾ ਹੈ। ਉਨ੍ਹਾਂ ਸਾਫ ਆਖਿਆ ਕਿ ਉਨ੍ਹਾਂ ਦੇ ਆਫਿਸ ਕੋਲ ਅਜਿਹੇ ਮਾਮਲਿਆਂ ਦੀ ਜਾਂਚ ਦਾ ਅਖ਼ਤਿਆਰ ਨਹੀਂ ਹੈ। ਜੀਰੌਅ ਨੇ ਆਖਿਆ ਕਿ ਉਹ ਇਸ ਮਾਮਲੇ ਵਿੱਚ ਜਾਂਚ ਕਰਨ ਦੀ ਸਮਰੱਥਾ ਨਹੀਂ ਰੱਖਦੇ ਕਿਉਂਕਿ ਉਹ ਫੈਡਰਲ ਜੱਜ ਐਕਟ ਦੀਆਂ ਸ਼ਰਤਾਂ ਨਾਲ ਬੰਨ੍ਹੇ ਹੋਏ ਹਨ। ਇਸ ਮਾਮਲੇ ਦੀ ਜਾਂਚ ਕਰਵਾਏ ਜਾਣ ਦੀ ਕੰਜ਼ਰਵੇਟਿਵਾਂ ਵੱਲੋਂ ਕੀਤੀ ਜਾ ਰਹੀ ਮੰਗ ਵਿੱਚ ਹਾਮੀ ਭਰਦਿਆਂ ਵਿਲਸਨ ਰੇਅਬੋਲਡ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਦੀ ਜਾਣਕਾਰੀ ਲੀਕ ਹੋਣ ਦੇ ਮਾਮਲੇ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦੀ ਜਾਂਚ ਕਰਵਾਏ ਜਾਣ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਉਸ ਸਮੇਂ ਵਿਲਸਨ ਰੇਅਬੋਲਡ ਇਹ ਚਾਹੁੰਦੀ ਸੀ ਕਿ ਮੈਨੀਟੋਬਾ ਦੇ ਜੱਜ ਗਲੈਨ ਡੀ ਜੌਇਲ ਨਾ ਸਿਰਫ ਸੁਪਰੀਮ ਕੋਰਟ ਦਾ ਜੱਜ ਬਣਨ ਦੀ ਯੋਗਤਾ ਰੱਖਦੇ ਹਨ ਸਗੋਂ ਉਨ੍ਹਾਂ ਨੂੰ ਚੀਫ ਜਸਟਿਸ ਦੀ ਭੂਮਿਕਾ ਵੀ ਨਿਭਾਉਣ ਦੇਣੀ ਚਾਹੀਦੀ ਹੈ। ਪਰ ਰੇਅਬੋਲਡ ਦੀ ਇਸ ਚੋਣ ਉੱਤੇ ਟਰੂਡੋ ਨੂੰ ਇਤਰਾਜ਼ ਸੀ ਤੇ ਆਖਿਰਕਾਰ ਉਨ੍ਹਾਂ ਉਸ ਨੂੰ ਰੱਦ ਕਰ ਦਿੱਤਾ। ਜਾਣਕਾਰ ਸੂਤਰ ਮੰਨਦੇ ਹਨ ਕਿ 2017 ਵਿੱਚ ਹੋਈ ਇਸ ਅਸਹਿਮਤੀ ਤੋਂ ਬਾਅਦ ਹੀ ਰੇਅਬੋਲਡ ਤੇ ਟਰੂਡੋ ਦੇ ਸਬੰਧਾਂ ਵਿੱਚ ਖਟਾਸ ਆਉਣੀ ਸ਼ੁਰੂ ਹੋ ਗਈ ਸੀ।

## ਅੰਦਰ ਪੜ੍ਹੋ


ਪ੍ਰਭਜੋਤ ਕੌਰ ਕੈਂਥ ਨੂੰ ਗਵਰਨਰ ਜਨਰਲ ਵੱਲੋਂ ਵਾਲੰਟੀਅਰ ਅਵਾਰਡ — ਪੰਨਾ 03

ਲੋਅ ਆਰਬਿਟ ਵਿੱਚ ਲਾਈਵ ਸੈਟੇਲਾਈਟ ਤਬਾਹ ਕਰ ਕੇ ਭਾਰਤ ਚੌਥੀ ਮਹਾਸ਼ਕਤੀ ਬਣਿਆ — ਪੰਨਾ 04






# ਹਾਈਵੇਅ ਇਨਫਰਾਸਟ੍ਰਕਚਰ ਉੱਤੇ 1.3 ਬਿਲੀਅਨ ਡਾਲਰ ਨਿਵੇਸ਼ ਕਰੇਗਾ ਓਨਟਾਰੀਓ



ਓਨਟਾਰੀਓ, 27 ਮਾਰਚ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਪ੍ਰੋਵਿੰਸ ਭਰ ਦੇ ਹਾਈਵੇਅਜ਼ ਦਾ ਮੁੜ ਨਿਰਮਾਣ ਕਰਨ ਤੇ ਉਨ੍ਹਾਂ ਦੀ ਸਾਂਭ ਸੰਭਾਲ ਲਈ 1.3 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ...ਬਾਕੀ ਪੰਨਾ 6 'ਤੇ

# ਫੋਰਡ ਸਰਕਾਰ ਵੱਲੋਂ ਬਰੈਂਪਟਨ ਵਿੱਚ ਗੋ ਟਰੇਨ ਸਰਵਿਸ ਦੇ ਪਸਾਰ ਦਾ ਐਲਾਨ

ਬਰੈਂਪਟਨ, 27 ਮਾਰਚ (ਪੋਸਟ ਬਿਊਰੋ) : ਬਰੈਂਪਟਨ ਵਿੱਚ ਗੋ ਟਰੇਨ ਸਰਵਿਸ ਦਾ ਪਸਾਰ ਕਰਕੇ ਓਨਟਾਰੀਓ ਸਰਕਾਰ ਲੋਕਾਂ ਦੀ ਭਲਾਈ ਕਰ ਰਹੀ ਹੈ। ਇਹ ਵਿਚਾਰ ਪ੍ਰਗਟਾਉਂਦਿਆਂ ਟਰਾਂਸਪੋਰਟੇਸ਼ਨ ਮੰਤਰੀ ਜੈੱਫ ਯੂਰੇਕ ਨੇ ਅੱਜ ਗੋ ਟਰੇਨ ਸਰਵਿਸ ਦੇ ਪਸਾਰ ਦਾ ਐਲਾਨ ਕੀਤਾ ਜੋ ਕਿ ਬਰੈਂਪਟਨ ਦੇ ਟਰਾਂਜ਼ਿਟ ਯੂਜ਼ਰਜ਼ ਤੇ ਕਮਿਊਟਰਜ਼ ਲਈ ਹੋਰ ਬਦਲ ਪੇਸ਼ ਕਰੇਗਾ। ਇਹ ਫੈਸਲਾ 8 ਅਪਰੈਲ, 2019 ਤੋਂ ਲਾਗੂ ਹੋਵੇਗਾ।



ਬਰੈਂਪਟਨ ਦੇ ਕਮਿਊਟਰਜ਼ ਹੁਣ ਟਰਾਂਸਪੋਰਟੇਸ਼ਨ ਸਬੰਧੀ ਹੋਰ ਬਦਲ ਅਪਣਾ ਸਕਣਗੇ। ਸਵੇਰ ਸਮੇਂ ਹੁਣ ਕਮਿਊਟਰਜ਼ ਨੂੰ ਬ੍ਰਾਮੇਲੀਆ ਗੋ ਤੇ ਯੂਨੀਅਨ ਸਟੇਸ਼ਨ ਦਰਮਿਆਨ ਟਰਿੱਪ ਲਈ ਵਧੇਰੇ ਬਦਲ ਮਿਲ ਸਕਣਗੇ। ਟਰਾਂਸਪੋਰਟੇਸ਼ਨ ਵਿੱਚ ਕੀਤੇ ਜਾਣ ਵਾਲੇ ਸੁਧਾਰ ਵਿੱਚ ਗੱਡੀ ਸਵੇਰੇ 7:55 ਉੱਤੇ ਬ੍ਰਾਮੇਲੀਆ ਗੋ ਸਟੇਸ਼ਨ ਛੱਡੇਗੀ ਤੇ ਸਾਰੇ ਸਟੌਪਜ਼ ਉੱਤੇ ਰੁਕਦੀ ਹੋਈ ਸਵੇਰੇ 8:33 ਉੱਤੇ ਯੂਨੀਅਨ ਸਟੇਸ਼ਨ ਪਹੁੰਚੇਗੀ। ਇਸ ਸਮੇਂ ਮਾਲਟਨ ਗੋ ਤੋਂ ਸਵੇਰੇ 8:33 ਉੱਤੇ ਚੱਲਣ ਵਾਲਾ ਟਰਿੱਪ ਹੁਣ ਬ੍ਰਾਮੇਲੀਆ ਗੋ ਤੋਂ ਸਵੇਰੇ 8:27 ਉੱਤੇ ਸ਼ੁਰੂ ਹੋਵੇਗਾ ਤੇ 9:05 ਉੱਤੇ ਯੂਨੀਅਨ ਸਟੇਸ਼ਨ ਪਹੁੰਚੇਗਾ। ਇਸ ਤੋਂ ਇਲਾਵਾ ਕੁੱਝ ਗੱਡੀਆਂ ਦਾ ਆਕਾਰ ਵੀ ਵਧਾਇਆ ਜਾਵੇਗਾ ਤਾਂ ਕਿ ਕਸਟਮਰਜ਼ ਨੂੰ ਪਰੇਸ਼ਾਨੀ ਨਾ ਹੋਵੇ।

ਇਹ ਤਬਦੀਲੀਆਂ 8 ਅਪਰੈਲ ਨੂੰ ਪ੍ਰਭਾਵੀ ਹੋਣਗੀਆਂ। ਮਾਲਟਨ ਗੋ (ਜੋ ਕਿ ਹੁਣ ਬ੍ਰਾਮੇਲੀਆ ਤੋਂ ਸਵੇਰੇ 8:27 ਉੱਤੇ ਸ਼ੁਰੂ ਹੋ ਰਹੀ ਹੈ) ਤੋਂ ਸਵੇਰੇ 8:33 ਵਾਲੀ ਟਰੇਨ ਵਿੱਚ ਛੇ ਤੋਂ 10 ਕੋਚ ਦਾ ਵਾਧਾ ਕੀਤਾ ਜਾਵੇਗਾ। ਐਮਪੀਪੀ ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਬ੍ਰਾਮੇਲੀਆ ਗੋ ਤੇ ਯੂਨੀਅਨ ਸਟੇਸ਼ਨ ਦਰਮਿਆਨ ਸਵੇਰ ਵਾਲੇ ਟਰਿੱਪਜ਼ ਨਾਲ ਬਰੈਂਪਟਨ ਦੇ ਕਮਿਊਟਰਜ਼ ਨੂੰ ਉਦੋਂ ਹੋਰ ਬਦਲ ਮਿਲ ਸਕਣਗੇ ਜਦੋਂ ਉਨ੍ਹਾਂ ਨੂੰ ਉਨ੍ਹਾਂ ਦੀ ਸੱਭ ਤੋਂ ਵੱਧ ਲੋੜ ਹੋਵੇਗੀ।

# ਲਾਪਤਾ ਚੀਨੀ ਵਿਦਿਆਰਥੀਆ ਸੁਰੱਖਿਅਤ ਘਰ ਪਰਤਿਆ

ਓਨਟਾਰੀਓ, 27 ਮਾਰਚ (ਪੋਸਟ ਬਿਊਰੋ) : ਕਾਂਸਟੇਬਲ ਐਂਡੀ ਪੈਟਨਡਨ ਨੇ ਉਚੇਚੇ ਤੌਰ ਉੱਤੇ ਇੱਥੇ ਕਰਵਾਈ ਗਈ ਨਿਊਜ਼ ਕਾਨਫਰੰਸ ਵਿੱਚ ਦੱਸਿਆ ਕਿ ਬੀਤੇ ਦਿਨੀਂ ਲਾਪਤਾ ਹੋਇਆ 22 ਸਾਲਾ ਵਾਨਜ਼ੈਨ ਲੂ ਮੰਗਲਵਾਰ ਰਾਤ ਨੂੰ ਆਪਣੇ ਗ੍ਰੈਵਨਹਰਸਟ, ਓਨਟਾਰੀਓ ਦੇ ਡੋਏ ਲੇਕ ਰੋਡ ਸਥਿਤ ਘਰ ਪਰਤ ਆਇਆ।



ਉਸ ਨੇ ਇਹ ਵੀ ਆਖਿਆ ਕਿ ਉਸ ਨੂੰ ਮਦਦ ਚਾਹੀਦੀ ਹੈ। ਸਥਾਨਕ ਵਾਸੀਆਂ ਨੇ ਬ੍ਰੇਸਬ੍ਰਿੱਜ ਓਨਟਾਰੀਓ ਪ੍ਰੋਵਿੰਸੀਅਲ ਪੁਲਿਸ ਨੂੰ ਸੱਦਿਆ ਜਿੱਥੇ ਅਧਿਕਾਰੀਆਂ ਨੇ ਲੂ ਦੀ ਸਨਾਖਤ ਕੀਤੀ। ਓਪੀਪੀ ਦੇ ਬੁਲਾਰੇ ਸਾਰਜੈਂਟ ਜੇਸਨ ਫੋਲਜ ਨੇ ਦੱਸਿਆ ਕਿ ਲੂ ਨੂੰ ਬਹੁਤ ਘੱਟ ਸੱਟਾਂ ਲੱਗੀਆਂ ਹਨ ਤੇ ਉਸ ਤੋਂ ਪੁਲਿਸ ਵੱਲੋਂ ਬ੍ਰੇਸਬ੍ਰਿੱਜ ਹਸਪਤਾਲ ਵਿੱਚ ਪੁੱਛਗਿੱਛ ਵੀ ਕੀਤੀ ਗਈ। ਜਿਕਰਯੋਗ ਹੈ ਕਿ ਲੂ ਸੱਨਿ-ਚਰਵਾਰ ਤੋਂ ਲਾਪਤਾ ਸੀ। ਉਸ ਨੂੰ ਮਾਰਖਮ, ਓਨਟਾਰੀਓ ਦੀ ਉਸ ਦੀ ਹੀ ਕੌਂਡੋ ਬਿਲਡਿੰਗ ਦੇ ਪਾਰਕਿੰਗ ਗੈਰਾਜ ਤੋਂ ਅਗਵਾ ਕਰ ਲਿਆ ਗਿਆ ਸੀ।

ਯੌਰਕ ਰੀਜਨਲ ਪੁਲਿਸ ਨੇ ਪਹਿਲਾਂ ਦਿੱਤੀ ਜਾਣਕਾਰੀ ਵਿੱਚ ਆਖਿਆ ਸੀ ਕਿ ਸਰਵੇਲੈਂਸ ਵੀਡੀਓ ਤੋਂ ਤਿੰਨ ਵਿਅਕਤੀ ਲੂ ਨੂੰ ਅਗਵਾ ਕਰਦੇ ਨਜਰ ਆਏ ਸਨ ਜਿਨ੍ਹਾਂ ਉਸ ਨੂੰ ਸਟੰਨ ਗੰਨ ਵਿਖਾ ਕੇ ਅਗਵਾ ਕਰ ਲਿਆ ਸੀ ਤੇ ਫਿਰ ਉਸ ਨੂੰ ਵੈਨ ਵਿੱਚ ਪਾ ਕੇ ਲੈ ਗਏ ਸਨ। ਪੁਲਿਸ ਨੂੰ ਇਸ ਮਾਮਲੇ ਵਿੱਚ ਚਾਰ ਮਸਕੂਕਾਂ ਦੀ ਭਾਲ ਹੈ। ਪੁਲਿਸ ਨੇ ਇੱਕ ਮਸਕੂਕ ਨੂੰ ਗ੍ਰਿਫਤਾਰ ਕੀਤਾ ਸੀ। ਪੁਲਿਸ ਨੇ ਆਖਿਆ ਕਿ ਇਸ ਅਗਵਾਕਾਂਡ ਦੇ ਸੰਭਾਵੀ ਮੰਤਵ ਬਾਰੇ ਉਨ੍ਹਾਂ ਨੂੰ ਕੁੱਝ ਪਤਾ ਨਹੀਂ ਲੱਗ ਸਕਿਆ ਹੈ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home / Auto / Business / Trucking / R.E.S.P / Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law / Business Law
Wills & Estates / Family Law
Power of Attorney / Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats / Spiders & Fleas / Bedbugs / Wasps / Cockroaches / Carpenter Ants / Silver Fish / Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration / Real Estate
Family Law / Business Closing
Corporate / Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Your Expert Advisor For SUPER VISA INSURANCE
Super Visa 45% Discount
Monthly & Yearly Plans
Pre-Existing Conditions Coverage
Pro Rated Refund If Early Return
"Call Now for a Quick Quote"
Punjab Insurance Agency Inc.
Rupinder Rai Insurance Advisor
RaiRupinderKaur@gmail.com RaiRupinder.com 416.561.1800

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Email: info@hsbatax.com
Prabhjot Kaur Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/ Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types / Walkie pallet Low Lift / Electric Motor Narrow Aisle Reach / Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor



PUNJAB SINDH FINANCE
TRUCK/TRAILER LOAN & REFINANCE

PUNJABSINDH FINANCE — EVERY MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)

TOTAL HOME Windows & Doors
ਮਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

JR Chartered Professional Accountant
Rajwinder Johal
PROFESSIONAL CORPORATION

TAX SEASON!!!
For all your Accounting and Tax needs call 416 823 2556


Services offered:
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. *QuickBooks online will be used, which provides you with an access to you books from anywhere the world.*

Please contact me today for more information!
Or visit my website: www.rjohalcpa.ca or Call (416) 823 2556.

ਮੂੰਹੋ ਬੋਲਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops





We Specialize In: 100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਖਹਿਰਾ ਖਹਿੜੇ ਬਠਿੰਡੇ ਦੇ ਪਿਆ ਲੱਗਦਾ,
ਇਸ ਤੋਂ ਉਲਟ ਸੁਖਬੀਰ ਦੀ ਅੱਖ ਬੇਲੀ।
ਛੱਡ ਕੇ ਬੀਬੀ ਬਠਿੰਡੇ ਨੂੰ ਜਾਊ ਕਿ ਨਹੀਂ,
ਇਹਦੇ ਬਾਰੇ ਵੀ ਸੁਣਨ ਕਈ ਪੱਖ ਬੇਲੀ।
ਫਿਰੋਜ਼ਪੁਰ ਵੱਲ ਅਕਾਲੀ ਨੇ ਘੁੰਮੀ ਜਾਂਦੇ,
ਚੱਲਦੀ ਹੋਰ ਵੀ ਚਰਚਾ ਕੁਝ ਵੱਖ ਬੇਲੀ।
ਜਦੋਂ ਤੀਕਰ ਨਾ ਸਾਫ ਐਲਾਨ ਆਇਆ,
ਚਰਚਿਆਂ ਵਿੱਚੋਂ ਨਾ ਲੱਭਣਾ ਕੱਖ ਬੇਲੀ।
ਕਾਂਗਰਸ ਵਾਲੇ ਵੀ ਰੱਖ ਰਹੇ ਨੀਝ ਪੂਰੀ,
ਦੱਸਣ ਕਿਸੇ ਦਾ ਅਜੇ ਨਹੀਂ ਨਾਮ ਬੇਲੀ।
ਦੋਵਾਂ ਵਿੱਚੋਂ ਜੇ ਕਿਸੇ ਵੀ ਪਹਿਲ ਕੀਤੀ,
ਨਕਸ਼ਾ ਹੋਣਾ ਫਿਰ ਸਾਫ ਤਮਾਮ ਬੇਲੀ।

ਤੀਸ ਮਾਰ ਖਾਂ

# ਪ੍ਰਭਜੋਤ ਕੌਰ ਕੈਂਥ ਨੂੰ ਗਵਰਨਰ ਜਨਰਲ ਵੱਲੋਂ ਵਾਲੰਟੀਅਰ ਅਵਾਰਡ



ਬਰੈਂਪਟਨ ਪੋਸਟ ਬਿਊਰੋ: ਬਰੈਂਪਟਨ ਵਾਸੀ ਵਾਤਾਵਰਣ ਰੀਸਰਚਰ, ਡਾਕੂਮੈਂਟਰੀ ਫਿਲਮ ਮੇਕਰ ਅਤੇ ਮੀਡੀਆ-ਕਰਮੀ ਪ੍ਰਭਜੋਤ ਕੌਰ ਕੈਂਥ ਨੂੰ ਕੈਨੇਡਾ ਦੇ ਗਵਰਨਰ ਜਨਰਲ ਵੱਲੋਂ Sovereign Award ਦਿੱਤਾ ਗਿਆ ਹੈ। ਇਸ ਸਬੰਧੀ ਸੂਚਨਾ ਬੀਬੀ ਕੈਂਥ ਨੂੰ ਥੋੜੇ ਦਿਨ ਪਹਿਲਾਂ ਪ੍ਰਾਪਤ ਹੋਈ ਹੈ।

ਪ੍ਰਭਜੋਤ ਕੈਂਥ ਪਿਛਲੇ 18 ਸਾਲ ਤੋਂ ਮਨੁੱਖੀ ਅਧਿਕਾਰਾਂ, ਉਸਾਰੂ ਵਾਤਾਰਵਣ ਲਈ ਵਿਸ਼ਵ ਦੇ ਵੱਖ 2 ਮੁਲਕਾਂ ਵਿੱਚ ਕਾਰਜਸ਼ੀਲ ਰਹੀ ਹੈ। ਪਲੈਨਟ ਵਨ ਫਾਉਂਡੇਸ਼ਨ ਦੀ ਸੰਸਥਾਪਕ ਪ੍ਰਭਜੋਤ ਕੈਂਥ ਮੁਤਾਬਕਤ ਉਹ ਬੀਤੇ ਕਈ ਸਾਲਾਂ ਤੋਂ ਗੰਧਲੇ ਪਾਣੀ ਦੇ ਮਨੁੱਖੀ ਸਿਹਤ ਉੱਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਭਾਰਤ ਵਿੱਚ ਕੈਂਪ ਲਾਉਂਦੀ ਆ ਰਹੀ ਹੈ। ਭਾਰਤ ਵਿੱਚ ਕੈਂਸਰ ਦੀ ਭਿਆਨਕ ਬਿਮਾਰੀ ਦੇ ਸੰਕਟ ਉੱਤੇ ਉਸਦੀਆਂ ਦਸਤਾਵੇਜ਼ੀ ਫਿਲਮਾਂ ਨੂੰ ਕਈ ਅੰਤਰਰਾਸ਼ਟਰੀ ਅਵਾਰਡ ਮਿਲ ਚੁੱਕੇ ਹਨ। ਉਹ ਪੰਜਾਬ ਵਿੱਚ ਲੜਕੀਆਂ ਨੂੰ ਸਿੱਖਿਅਤ ਕਰਨ ਅਤੇ ਸਮਰੱਥਵਾਨ ਬਣਾਉਣ ਲਈ ਵੀ ਵਾਲੰਟੀਅਰ ਕੰਮ ਕਰਦੀ ਹੈ। ਕਮਿਉਨਿਟੀ ਲਈ ਸੇਵਾਵਾਂ ਪ੍ਰਦਾਨ ਕਰਨ ਨੂੰ ਮੁੱਖ ਰੱਖਦੇ ਹੋਏ ਉਸਨੂੰ ਯੂਨਾਈਟਡ ਨੇਸ਼ਨਜ਼ ਸਸਟੇਨੇਬਲ ਡਿਵੈਲਪਮੈਂਟ ਟਰੇਨਿੰਗ ਲਈ ਵੀ ਬੁਲਾਇਆ ਗਿਆ ਸੀ। ਬੀਬੀ ਕੈਂਥ ਨੇ ਦੱਸਿਆ ਕਿ ਇਸਤੋਂ ਪਹਿਲਾਂ ਉਸਨੂੰ ਕੈਨੇਡਾ-150 ਅਤੇ ਲੈਫਟੀਨੈਂਟ ਗਵਰਨਰ ਜਨਰਲ ਦਾ ਵਾਲਟੀਅਰ ਅਵਾਰਡ ਵੀ ਹਾਸਲ ਹੋ ਚੁੱਕਾ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਦਰਬਾਰ ਸਾਹਿਬ ਵਿੱਚ ਵੀਡੀਓ ਦੀ ਰੋਕ ਹੋਣ ਦੇ ਬਾਵਜੂਦ ਵੀਡੀਓ ਵਾਇਰਲ

ਅੰਮ੍ਰਿਤਸਰ, 27 ਮਾਰਚ (ਪੋਸਟ ਬਿਊਰੋ)- ਦਰਬਾਰ ਸਾਹਿਬ ਵਿੱਚ ਗੈਰ ਸਿੱਖ ਸ਼ਰਧਾਲੂਆਂ ਦੀ ਵਧੀ ਆਮਦ ਤੋਂ ਚਿੰਤਾ ਪ੍ਰਗਟ ਕਰਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਦਾ ਸ਼੍ਰੋਮਣੀ ਕਮੇਟੀ ਨੇ ਨੋਟਿਸ ਲਿਆ ਹੈ। ਇਸ ਵੀਡੀਓ ਨੂੰ ਕੇਸਕੀ ਸਜਾਈ ਹੋਈ ਇਕ ਸਿੱਖ ਔਰਤ ਨੇ ਦਰਬਾਰ ਸਾਹਿਬ ਤੋਂ ਮੋਬਾਈਲ ਫੋਨ ਰਾਹੀਂ ਲਾਈਵ ਕੀਤਾ ਹੈ ਅਤੇ ਇਸ ਵਿੱਚ ਉਹ ਗੈਰ ਸਿੱਖ ਸ਼ਰਧਾਲੂਆਂ ਨੂੰ ਕੇਂਦਰਿਤ ਕਰਕੇ ਦਿਖਾਉਂਦੀ ਹੋਈ ਦਾਅਵਾ ਕਰਦੀ ਹੈ ਕਿ ਦਰਬਾਰ ਸਾਹਿਬ ਵਿੱਚ ਸਿੱਖਾਂ ਦੀ ਥਾਂ ਗੈਰ ਸਿੱਖਾਂ ਦੀ ਆਮਦ ਵਧੀ ਹੈ, ਇਸ ਨਾਲ ਭਵਿੱਖ 'ਚ ਇਹ ਗੁਰਧਾਮ ਮੰਦਰ ਬਣ ਜਾਵੇਗਾ। ਮਿਲੀ ਜਾਣਕਾਰੀ ਅਨੁਸਾਰ ਵੀਡੀਓ ਵਿੱਚ ਉਹ ਸਿੱਖਾਂ ਨੂੰ ਜਾਗਣ ਦਾ ਹੋਕਾ ਦਿੰਦੀ ਹੈ। ਉਸ ਨੂੰ ਕਈ ਗੈਰ ਪੰਜਾਬੀ ਸ਼ਰਧਾਲੂਆਂ ਤੋਂ ਸਵਾਲ ਪੁੱਛਦੇ ਦਿਖਾਇਆ ਗਿਆ ਹੈ। ਵਾਇਰਲ ਹੋਈ ਇਸ ਵੀਡੀਓ ਬਾਰੇ ਦਰਬਾਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਕਿਹਾ ਕਿ ਸਰਬ ਸਾਂਝੇ ਧਾਰਮਿਕ ਅਸਥਾਨ ਦੇ ਚਾਰ ਦਰਵਾਜ਼ੇ ਗੁਰੂ ਸਾਹਿਬ ਨੇ ਇਸੇ ਲਈ ਬਣਵਾਏ ਸਨ, ਤਾਂ ਜੋ ਚਾਰੇ ਦਿਸ਼ਾਵਾਂ ਤੋਂ ਕੋਈ ਵੀ ਵਿਅਕਤੀ ਸ਼ਰਧਾਲੂ ਵਜੋਂ ਆ ਕੇ ਨਤ ਮਸਤਕ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਗੈਰ ਪੰਜਾਬੀ ਸ਼ਰਧਾਲੂਆਂ ਦੀ ਆਮਦ ਦਾ ਅਰਥ ਹੈ ਕਿ ਉਨ੍ਹਾਂ ਵਿੱਚ ਸਿੱਖੀ ਪ੍ਰਚਾਰ ਵਧ ਰਿਹਾ ਹੈ। ਉਨ੍ਹਾਂ ਇਸ ਵੀਡੀਓ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਨੂੰ ਕਿਸੇ ਸਾਜ਼ਿਸ਼ ਦਾ ਹਿੱਸਾ ਕਰਾਰ ਦਿੱਤਾ ਹੈ। ਵਰਨਣ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਵਿੱਚ ਫੋਟੋਆਂ ਲੈਣ ਤੇ ਵੀਡੀਓ ਬਣਾਉਣ 'ਤੇ ਰੋਕ ਲਾਈ ਹੋਈ ਹੈ।

## ਟੈਕਸ ਗੈਪ ਉੱਤੇ ਧਿਆਨ ਕੇਂਦਰਿਤ ਕਰਕੇ ਵਿੱਤੀ ਸਥਿਤੀ ਸੁਧਾਰ ਸਕਦੀ ਹੈ ਐਨਡੀਪੀ : ਜੂਲੀਅਨ



ਓਟਵਾ, 27 ਮਾਰਚ (ਪੋਸਟ ਬਿਊਰੋ) : ਫੈਡਰਲ ਨਿਊ ਡੈਮੋਕ੍ਰੈਟਸ ਵੱਲੋਂ ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਚੋਣਾਂ ਲਈ ਵਿੱਤੀ ਯੋਜਨਾ ਇਨ੍ਹਾਂ ਅੰਦਾਜਿਆਂ ਉੱਤੇ ਨਿਰਭਰ ਕਰੇਗੀ ਕਿ ਹਰ ਸਾਲ ਓਟਵਾ ਕੌਮਾਂਤਰੀ ਟੈਕਸਾਂ ਤੋਂ ਬਚਣ ਵਾਲੀਆਂ ਸਕੀਮਾਂ ਉੱਤੇ ਕਿੰਨੀ ਰਕਮ ਗੁਆਉਂਦਾ ਹੈ।

ਪਾਰਟੀ ਦੇ ਫਾਇਨਾਂਸ ਕ੍ਰਿਟਿਕ ਪੀਟਰ ਜੂਲੀਅਨ ਦਾ ਕਹਿਣਾ ਹੈ ਕਿ ਪਾਰਟੀ ਕੈਨੇਡਾ ਦੇ ਤਥਾ ਕਥਿਤ ਟੈਕਸ ਗੈਪ ਉੱਤੇ ਧਿਆਨ ਕੇਂਦਰਿਤ ਕਰਨਾ ਚਾਹੁੰਦੀ ਹੈ ਤਾਂ ਕਿ ਇਹ ਦਰਸਾਇਆ ਜਾ ਸਕੇ ਕਿ ਇਹ ਕੈਂਪੇਨ ਸਬੰਧੀ ਵੱਡੀਆਂ ਵਚਨਬੱਧਤਾਵਾਂ, ਜਿਵੇਂ ਕਿ ਕਿਫਾਇਤੀ ਘਰ ਤੇ ਯੂਨੀਵਰਸਲ ਫਾਰਮਾਕੇਅਰ, ਨੂੰ ਵੀ ਵਿੱਤੀ ਤੌਰ ਉੱਤੇ ਪੂਰਾ ਕਰ ਸਕਦੀ ਹੈ। ਇਹ ਸਾਰਾ ਕੁੱਝ ਕਾਰਪੋਰੇਟ ਟੈਕਸ ਨਾ ਭਰਨ ਵਾਲਿਆਂ ਉੱਤੇ ਸਿਕੰਜਾ ਕੱਸ ਕੇ, ਚੋਰ ਮੋਰੀਆਂ ਬੰਦ ਕਰਕੇ ਤੇ ਵਿਦੇਸਾਂ ਵਿੱਚ ਪੈਸਾ ਲੁਕਾਉਣ ਵਾਲਿਆਂ ਉੱਤੇ ਸਖਤੀ ਕਰਕੇ ਹੋ ਸਕਦਾ ਹੈ।

ਟੈਕਸ ਗੈਪ, ਜੋ ਕਿ ਇੱਕ ਅੰਦਾਜੇ ਮੁਤਾਬਕ 40 ਬਿਲੀਅਨ ਡਾਲਰ ਸਾਲਾਨਾ ਹੋ ਸਕਦਾ ਹੈ, ਅਜਿਹਾ ਫਰਕ ਹੈ ਜਿਸਨੂੰ ਅਸੀਂ ਟੈਕਸ ਆਮਦਨ ਰਾਹੀਂ ਪੂਰਾ ਕਰ ਸਕਦੇ ਹਾਂ ਤੇ ਇਹ ਰਕਮ ਇੱਕ ਸਾਲ ਵਿੱਚ ਇੱਕਠੀ ਕੀਤੀ ਜਾ ਸਕਦੀ ਹੈ। ਜੂਲੀਅਨ ਨੇ ਆਖਿਆ ਕਿ ਇਸ ਵਿੱਤੀ ਯੋਜਨਾ ਨੂੰ ਲਾਗੂ ਕਰਨ ਲਈ ਐਨਡੀਪੀ ਇੰਡੀਪੈਂਡੈਂਟ ਪਾਰਲੀਆਮੈਂਟਰੀ ਬਜਟ ਅਧਿਕਾਰੀ ਦੀ ਆਉਣ ਵਾਲੀ ਰਿਪੋਰਟ ਦੀਆਂ ਲੱਭਤਾਂ ਉੱਤੇ ਨਿਰਭਰ ਕਰੇਗੀ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4


ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ShерGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਲੋਅ ਆਰਬਿਟ ਵਿੱਚ ਲਾਈਵ ਸੈਟੇਲਾਈਟ ਤਬਾਹ ਕਰ ਕੇ ਭਾਰਤ ਚੌਥੀ ਮਹਾਸ਼ਕਤੀ ਬਣਿਆ



ਨਵੀਂ ਦਿੱਲੀ, 27 ਮਾਰਚ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਨਾਂ ਮਹੱਤਵਪੂਰਨ ਸੰਦੇਸ਼ ਦੇਂਦੇ ਹੋਏ ਅੱਜ ਇਹ ਖੁਲਾਸਾ ਕੀਤਾ ਕਿ ਭਾਰਤ ਨੇ ਲੋਅ ਅਰਥ ਆਰਬਿਟ ਵਿੱਚ ਘੁੰਮਦੇ ਇਕ ਲਾਈਵ ਸੈਟੇਲਾਈਟ ਨੂੰ ਦੂਸਰੇ ਸੈਟੇਲਾਈਟ ਤੋਂ ਐਂਟੀ ਸੈਟੇਲਾਈਟ ਮਿਜ਼ਾਈਲ ਨਾਲ ਤਬਾਹ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਭਾਰਤ ਨੇ ਅੱਜ ਆਪਣਾ ਨਾਂ ਪੁਲਾੜ ਮਹਾਸ਼ਕਤੀ ਵਜੋਂ ਦਰਜ ਕਰਵਾ ਲਿਆ ਹੈ। ਅੱਜ ਤਕ ਦੁਨੀਆ ਦੇ ਸਿਰਫ਼ ਤਿੰਨ ਦੇਸ਼ਾਂ ਅਮਰੀਕਾ, ਰੂਸ ਤੇ ਚੀਨ ਨੇ ਇਹ ਸ਼ਕਤੀ ਹਾਸਲ ਕੀਤੀ ਸੀ, ਅੱਜ ਭਾਰਤ ਚੌਥਾ ਦੇਸ਼ ਬਣ ਗਿਆ ਹੈ, ਜਿਸ ਨੇ ਇਹ ਸ਼ਕਤੀ ਹਾਸਲ ਕੀਤੀ ਹੈ। ਹਰ ਹਿੰਦੁਸਤਾਨੀ ਵਾਸਤੇ ਇਸ ਤੋਂਵੱਧ ਮਾਣ ਦਾ ਪਲ ਨਹੀਂ ਹੋ ਸਕਦਾ। ਕੁਝ ਸਮਾਂ ਪਹਿਲਾਂ ਸਾਡੇ ਵਿਗਿਆਨੀਆਂ ਨੇ ਪੁਲਾੜ ਵਿੱਚ 300 ਕਿਲੋਮੀਟਰ ਦੂਰ ਲਾਈਵ ਆਰਬਿਟ ਨੂੰ ਸੁੱਟਿਆ ਸੀ। ਇਹ ਇਕ ਅਗਾਊਂ ਮਿਥਿਆ ਨਿਸ਼ਾਨਾ ਸੀ। ਉਸ ਨੂੰ ਏਸੈਂਟ ਮਿਜ਼ਾਈਲ ਨਾਲ ਫੁੰਡਿਆ ਗਿਆ ਅਤੇ ਸਿਰਫ਼ ਤਿੰਨ ਮਿੰਟ ਵਿੱਚ ਇਹ ਆਪਰੇਸ਼ਨ ਪੂਰਾ ਕੀਤਾ ਗਿਆ ਹੈ।'

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੇ'ਮਿਸ਼ਨ ਸ਼ਕਤੀ' ਦੇ ਵਿਗਿਆਨੀ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਅੰਤਰਰਾਸ਼ਟਰੀ ਕਾਨੂੰਨ ਨਹੀਂ ਤੋੜਿਆ ਗਿਆ, ਭਾਰਤ ਦਾ ਪਰੀਖਣ ਕਿਸੇ ਸੰਧੀ ਦੀ ਉਲੰਘਣਾ ਨਹੀਂ ਕਰਦਾ। ਉਨ੍ਹਾਂ ਕਿਹਾ ਕਿ 'ਮਿਸ਼ਨ ਸ਼ਕਤੀ' ਸਾਡੇ ਸੁਪਨਿਆਂ ਦੀ ਸੁਰੱਖਿਆਂ ਦਾ ਇਕ ਕਦਮ ਹੈ।

# ਅਗਲੀ ਪਾਰਲੀਮੈਂਟ ਵਿੱਚ ਬਾਬਰੀ ਮਸਜਿਦ ਕੇਸ ਦਾ ਕੋਈ ਚਿਹਰਾ ਨਹੀਂ ਹੋਵੇਗਾ

*** ਅਡਵਾਨੀ, ਮੁਰਲੀ, ਉਮਾ ਭਾਰਤੀ ਪਾਸੇ ਧੱਕੇ ਗਏ**



ਨਵੀਂ ਦਿੱਲੀ, 27 ਮਾਰਚ, (ਪੋਸਟ ਬਿਊਰੋ)- ਜਦੋਂ ਦੇਸ਼ ਦੀ ਸੁਪਰੀਮ ਕੋਰਟ ਬਾਬਰੀ ਮਸਜਿਦ-ਰਾਮ ਜਨਮ ਭੂਮੀ ਮੁੱਦੇ ਦਾ ਹੱਲ ਕੱਢਣ ਦੀ ਕੋਸ਼ਿਸ਼ ਵਿੱਚਲੱਗੀ ਹੋਈ ਹੈ, ਓਦੋਂ ਪਾਰਲੀਮੈਂਟ ਚੋਣ ਵਿੱਚ ਰਾਮ ਮੰਦਰ ਦਾ ਮੁੱਦਾ ਲਗਭਗ ਠੰਢਾ ਪੈ ਚੁੱਕਾ ਹੈ ਅਤੇ ਇਹ ਸੰਭਾਵਨਾ ਹੈ ਕਿ ਸ਼ਾਇਦ ਓਥੇ ਵੀ ਕੋਈ ਰਸਤਾ ਨਿਕਲ ਆਵੇਗਾ।

ਵਰਨਣ ਯੋਗ ਹੈ ਕਿ ਸਾਲ 1992 ਤੋਂ ਬਾਅਦ ਪਹਿਲੀ ਵਾਰ ਅਜਿਹੀ ਸਥਿਤੀ ਬਣਨ ਵਾਲੀ ਹੈ ਕਿ ਅਯੁੱਧਿਆ ਦਾ ਬਾਬਰੀ ਮਸਜਿਦ ਵਾਲਾ ਵਿਵਾਦਤ ਢਾਂਚਾ ਡੇਗਣ ਦਾ ਕੋਈ ਵੀ ਦੋਸ਼ੀਪਾਰਲੀਮੈਂਟ ਵਿੱਚਨਹੀਂ ਹੋਵੇਗਾ। ਪਿਛਲੀ ਲੋਕ ਸਭਾ ਵਿੱਚ ਲਾਲਕ੍ਰਿਸ਼ਨ ਅਡਵਾਨੀ, ਉਮਾ ਭਾਰਤੀ ਅਤੇ ਮੁਰਲੀ ਮਨੋਹਰ ਜੋਸ਼ੀ ਤਿੰਨੇ ਜਣੇ ਸਨ, ਪਰ ਇਸ ਵਾਰ ਇਨ੍ਹਾਂ ਵਿੱਚੋਂ ਕੋਈ ਵੀ ਚੋਣ ਮੈਦਾਨ ਵਿੱਚਨਹੀਂ ਹੈ। ਉਹ ਚੋਣ ਨਾ ਲੜਦੇ ਹੋਣ ਕਾਰਨ ਉਨ੍ਹਾਂ ਦੇ ਲੋਕ ਸਭਾ ਵਿੱਚਹੋਣ ਦੀ ਆਸਨਹੀਂ ਰਹੀ ਅਤੇ ਰਾਜ ਸਭਾ ਵਿੱਚ ਵੀ ਅਜਿਹੇ ਮੈਂਬਰ ਨਹੀਂ ਹਨ, ਜਿਨ੍ਹਾਂ ਦਾ ਨਾਂ ਬਾਬਰੀ ਮਸਜਿਦ ਨਾਲ ਜੁੜਿਆ ਹੋਵੇ।

ਸਾਲ 1980 ਵਿੱਚ ਭਾਜਪਾ ਦੀ ਸਥਾਪਨਾ ਨਾਲ ਰਾਮ ਜਨਮ ਭੂਮੀ ਭਾਜਪਾ ਲਈ ਅਹਿਮ ਚੋਣ ਮੁੱਦਾ ਬਣ ਗਿਆ ਸੀ ਤੇ ਓਦੋਂ ਬਾਅਦ ਪਹਿਲੀ ਵਾਰ ਮੰਨਿਆ ਜਾ ਰਿਹਾ ਹੈ ਕਿ ਇਸ ਵਾਰ ਭਾਜਪਾ ਦੇ ਚੋਣ ਮੈਨੀਫੈਸਟੋ ਵਿੱਚ ਵੀ ਇਹ ਮੁੱਦਾ ਸ਼ਾਇਦ ਨਹੀਂ ਹੋਵੇਗਾ। ਬਾਬਰੀ ਮਸਜਿਦ ਡੇਗਣ ਦੀ ਸਾਜ਼ਿਸ਼ ਵਿੱਚ ਘਿਰਨ ਤੇ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨ ਤੋਂ ਬਾਅਦ ਵੀ ਲਾਲਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਲਗਾਤਾਰ ਲੋਕ ਸਭਾ ਮੈਂਬਰ ਬਣਦੇ ਰਹੇ ਹਨ। ਉਮਾ ਭਾਰਤੀ ਤੇ ਵਿਨੇ ਕਟਿਆਰ ਵੀ ਕਈ ਵਾਰ ਲੋਕ ਸਭਾ ਚੋਣਾਂ ਜਿੱਤ ਚੁੱਕੇ ਹਨ।

# ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੂੰ 3 ਅਪ੍ਰੈਲ ਤਕ ਜੇਲ੍ਹ ਭੇਜ ਦਿੱਤਾ ਗਿਆ



ਫਰੀਦਕੋਟ, 27 ਮਾਰਚ, (ਪੋਸਟ ਬਿਊਰੋ)- ਬਹਿਬਲਕਲਾਂ ਤੇ ਫਿਰ ਕੋਟਕਪੂਰਾ ਗੋਲੀਕਾਂਡ ਦੇ ਕੇਸ ਵਿਚ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਗ੍ਰਿਫਤਾਰ ਕੀਤੇ ਗਏਤੇ 2 ਦਿਨਾ ਪੁਲਿਸ ਰਿਮਾਂਡ ਉੱਤੇ ਚੱਲ ਰਹੇ ਮੋਗਾ ਦੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਦਾ ਪੁਲਿਸ ਰਿਮਾਂਡ ਖਤਮ ਹੋਣ ਉੱਤੇਅੱਜ ਫਰੀਦਕੋਟ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਉਸ ਨੂੰ 3 ਅਪ੍ਰੈਲ ਤਕ ਜੁਡੀਸ਼ਲ ਹਿਰਾਸਤ ਉੱਤੇ ਜੇਲ੍ਹ ਭੇਜ ਦਿੱਤਾ ਗਿਆ ਹੈ।

ਅੱਜ ਦੀ ਅਦਾਲਤੀ ਕਾਰਵਾਈ ਮੌਕੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਪੀੜਤ ਪਰਿਵਾਰਾਂ ਨੇ ਵਿਸ਼ੇਸ਼ ਜਾਂਚ ਟੀਮ ਦੀ ਕਾਰਗੁਜ਼ਾਰੀ ਉੱਤੇਸਵਾਲ ਉਠਾਏ ਅਤੇ ਐੱਸ ਆਈ ਟੀ ਦੀ ਸਾਰੀ ਜਾਂਚ ਨੂੰਚਰਨਜੀਤ ਸ਼ਰਮਾ ਦੇ ਵਕੀਲ ਨੇ ਵੀ ਗਲਤ ਦੱਸਿਆ। ਦੋ ਦਿਨਾਂ ਪੁਲਿਸ ਰਿਮਾਂਡ ਖਤਮ ਹੋਣ ਉੱਤੇਅੱਜ ਐੱਸ ਆਈ ਟੀ ਨੇ ਚਰਨਜੀਤ ਸ਼ਰਮਾ ਨੂੰ ਜੱਜ ਏਕਤਾ ਉੱਪਲ ਦੀ ਅਦਾਲਤ ਵਿਚ ਪੇਸ਼ ਕੀਤਾ ਸੀ, ਜਿੱਥੋਂਅਦਾਲਤ ਨੇ ਉਸ ਨੂੰ 3 ਅਪ੍ਰੈਲ ਤਕ ਜੁਡੀਸ਼ਲ ਹਿਰਾ-ਸਤਵਿੱਚ ਜੇਲ੍ਹ ਭੇਜ ਦਿੱਤਾ। ਇਸ ਮੌਕੇ ਚਰਨਜੀਤ ਸ਼ਰਮਾ ਦੇ ਵਕੀਲ ਨਰਿੰਦਰ ਕੁਮਾਰ ਨੇ ਕਿਹਾ ਕਿ ਉਹ ਇਸ ਕੇਸ ਵਿਚ ਆਪਣੇ ਕਲਾਈਂਟ ਦੀ ਜ਼ਮਾਨਤ ਲਈ ਅੱਗੇ ਲਈ ਚਾਰਾਜ਼ੋਈ ਕਰਨਗੇ। ਉਨ੍ਹਾਂ ਕਿਹਾ ਕਿ ਐੱਸ ਆਈ ਟੀ ਅਸਲ ਵਿੱਚ ਸਹੀ ਜਾਂਚ ਨਹੀਂ ਕਰ ਰਹੀ। ਦੂਸਰੇ ਪਾਸੇ ਪੀੜਤ ਪਰਿਵਾਰਾਂ ਵੱਲੋਂ ਸੁਖਰਾਜ ਸਿੰਘ ਨੇ ਕਿਹਾ ਕਿ ਲਗਦਾ ਹੈ ਕਿ ਐੱਸ ਆਈ ਟੀ ਇਸਕੇਸ ਨੂੰ ਲਟਕਾ ਰਹੀ ਹੈ, ਕਿਉਂਕਿ ਨਾ ਐੱਸ ਆਈ ਟੀ ਨੇ ਹਾਲੇ ਤਕ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਹੀ ਗ੍ਰਿਫ਼ਤਾਰ ਕੀਤਾ ਹੈ ਅਤੇ ਨਾ ਕੋਈ ਹੋਰ ਅਗਲੀ ਕਾਰਵਾਈ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਕੇਸ ਦੇ ਦੋਸ਼ੀ ਪੁਲਿਸ ਅਧਿਕਾਰੀ ਜ਼ਮਾਨਤਾਂ ਕਰਵਾ ਰਹੇ ਹਨ, ਜਿਸ ਕਾਰਨ ਇਨਸਾਫ਼ ਦੀ ਉਮੀਦ ਘਟ ਰਹੀ ਹੈ।

# ਪੈਂਟਾਗਨ ਤੋਂ ਅਮਰੀਕਾ-ਮੈਕਸਿਕੋ ਕੰਧ ਲਈ ਟਰੰਪ ਨੂੰ ਫੰਡ ਜਾਰੀ

ਵਾਸ਼ਿੰਗਟਨ, 27 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਫੌਜੀ ਹੈਡ ਕੁਆਰਟਰ ਪੈਂਟਾਗਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਅਮਰੀਕਾ-ਮੈਕਸਿਕੋ ਸਰਹੱਦੀ ਕੰਧ ਦੀ ਉਸਾਰੀ ਲਈ ਇਕ ਅਰਬ ਡਾਲਰ ਦੇ ਫੰਡ ਜਾਰੀ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਦੂਜੇ ਪਾਸੇ ਡੈਮੋਕਰੈਟਾਂ ਨੇ ਪੈਂਟਾਗਨ ਦੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ। ਡੋਨਾਲਡ ਟਰੰਪ ਨੇ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵੇਲੇ ਅਮਰੀਕਾ-ਮੈਕਸਿਕੋ ਵਿਚਾਲੇ ਖ਼ੂਬਸੂਰਤ ਸਰਹੱਦੀ ਕੰਧ ਉਸਾਰਨ ਦਾ ਵਾਅਦਾ ਕੀਤਾ ਸੀ ਤਾਂ ਜੋ ਅਮਰੀਕਾ ਅੰਦਰ ਗੈਰ ਕਾਨੂੰਨੀ ਪਰਵਾਸ ਰੋਕਿਆ ਜਾ ਸਕੇ। ਉਨ੍ਹਾਂ ਦਾ ਇਹ ਕਹਿਣਾ ਹੈ ਕਿ ਇਸ ਕੰਧ ਲਈ ਮੈਕਸਿਕੋ ਵੀ ਭੁਗਤਾਨ ਕਰੇਗਾ, ਪਰ ਮੈਕਸਿਕੋ ਨੇ ਸਾਫ ਕੀਤਾ ਹੈ ਕਿ ਉਹ ਇਸ ਮਾਮਲੇ 'ਚ ਵਿੱਤੀ ਭਾਈਵਾਲੀ ਨਹੀਂ ਕਰੇਗਾ। ਅਮਰੀਕਾ ਦੇ ਫੌਜੀ ਦਫਤਰ ਪੈਂਟਾਗਨ ਦੇ ਕਾਰਜਕਾਰੀ ਮੁਖੀ ਪੈਟ੍ਰਿਕ ਸ਼ਾਨਾਹਨ ਨੇ ਕਿਹਾ ਕਿ ਉਨ੍ਹਾਂ ਰਾਸ਼ਟਰਪਤੀ ਨੂੰ ਇਹ ਕੰਧ ਬਣਾਉਣ ਲਈ ਇਕ ਅਰਬ ਡਾਲਰ ਦੇਣ ਦੀ ਮਨਜ਼ੂਰੀ ਦਿੱਤੀ ਹੈ। ਹੋਮਲੈਂਡ ਸੁਰੱਖਿਆ ਵਿਭਾਗ ਨੇ ਪੈਂਟਾਗਨ ਨੂੰ 92 ਕਿਲੋਮੀਟਰ ਤੱਕ 5.5 ਮੀਟਰ ਉਚੀ ਕੰਧ ਬਣਾਉਣ, ਸੜਕਾਂ ਦਾ ਸੁਧਾਰ ਕਰਨ ਤੇ ਰੌਸ਼ਨੀ ਦਾ ਪ੍ਰਬੰਧ ਕਰਨ ਨੂੰ ਕਿਹਾ ਹੈ।

# ਅਮਰੀਕਾ ਫਿਰ ਚੰਦਰਮਾ ਉੱਤੇ ਮਨੁੱਖ ਉਤਾਰਨ ਦੀ ਤਿਆਰੀ ਵਿੱਚ


ਵਾਸ਼ਿੰਗਟਨ, 27 ਮਾਰਚ, (ਪੋਸਟ ਬਿਊਰੋ)- ਕਰੀਬ ਪੰਜ ਦਹਾਕੇ ਪਿੱਛੋਂ ਅਮਰੀਕਾ ਇੱਕ ਵਾਰ ਫਿਰ ਚੰਦ ਉੱਤੇ ਮਨੁੱਖ ਨੂੰ ਉਤਾਰਨ ਦੇ ਮਿਸ਼ਨ ਵਿਚ ਲੱਗ ਗਿਆ ਹੈ। ਉਹ ਅਗਲੇ ਪੰਜ ਸਾਲਾਂ ਵਿਚ ਇਸ ਕੰਮ ਕਰਨਾ ਚਾਹੁੰਦਾ ਹੈ।

ਅਲਬਾਮਾ ਵਿੱਚ ਨੈਸ਼ਨਲ ਸਪੇਸ ਕੌਂਸਲ ਦੀ ਬੈਠਕ ਵਿਚ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਕਿਹਾ, 'ਬੀਤੀ ਸਦੀ ਦੇ ਸੱਤਵੇਂ ਅਤੇ ਅੱਠਵੇਂ ਦਹਾਕੇ ਵਾਂਗ ਇਸ ਫਿਰ ਅਸੀਂ ਪੁਲਾੜ ਦੀ ਦੌੜ ਵਿਚ ਹਾਂ। ਓਦੋਂ ਸਾਡੇ ਮੂਹਰੇ ਸੋਵੀਅਤ ਯੂਨੀਅਨ ਸੀ ਅਤੇ ਅੱਜ ਕੱਲ੍ਹ ਚੀਨ ਹੈ। ਇਸੇ ਕਾਰਨ ਸਾਨੂੰ 2024 ਤਕ ਚੰਦਰਮਾ ਉੱਤੇ ਜਾਣਾ ਹੋਵੇਗਾ।' ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਅਧਿਕਾਰੀਆਂ ਨੇ ਇਸ ਚੁਣੌਤੀ ਨੂੰ ਪ੍ਰਵਾਨ ਕਰ ਲਿਆ ਹੈ। ਇਸ ਏਜੰਸੀਵੱਲੋਂ ਜਿਮ ਬ੍ਰਾਈਡੈਂਸਟਾਈਨ ਨੇ ਕਿਹਾ, 'ਅਸੀਂ ਚੁਣੌਤੀ ਸਵੀਕਾਰ ਕਰਦੇ ਹਾਂ। ਇਹ ਕੰਮ ਉੱਤੇ ਲੱਗ ਜਾਣ ਦਾ ਸਮਾਂ ਹੈ।'

ਵਰਨਣ ਯੋਗ ਹੈ ਕਿ ਨਾਸਾ ਇਸ ਵਕਤ ਆਪਣੇ ਪੁਲਾੜ ਯਾਤਰੀਆਂ ਨੂੰ ਕੌਮਾਂਤਰੀ ਸਪੇਸ ਸਟੇਸ਼ਨ (ਆਈ ਐੱਸ ਐੱਸ) ਉੱਤੇ ਭੇਜਣ ਲਈ ਵੀ ਸੰਘਰਸ਼ ਕਰ ਰਿਹਾ ਹੈ। ਸਾਲ 2011 ਵਿਚ ਅਮਰੀਕਾ ਦਾ ਸਪੇਸ ਸ਼ਟਲ ਪ੍ਰੋਗਰਾਮ ਖ਼ਤਮ ਹੋ ਗਿਆ ਸੀ। ਉਸ ਤੋਂ ਬਾਅਦ ਏਜੰਸੀ ਪੁਲਾੜ ਯਾਤਰੀਆਂ ਨੂੰ ਆਈ ਐੱਸ ਐੱਸ ਉੱਤੇ ਭੇਜਣ ਲਈ ਰੂਸ ਵਾਲੇ ਸੋਯੂਜ਼ ਯਾਨ ਉੱਤੇ ਨਿਰਭਰ ਹੈ। ਸਾਲ 1972 ਦੇ ਬਾਅਦ ਨਾਸਾ ਨੇ ਚੰਦਰਮਾ ਉੱਤੇ ਵੀ ਕੋਈ ਮਨੁੱਖੀ ਮਿਸ਼ਨ ਨਹੀਂ ਭੇਜਿਆ। ਅਮਰੀਕਾ ਸਾਲ 2024 ਤਕ ਚੰਦਰਮਾ ਦੇ ਪੰਧ ਵਿਚ 'ਗੇਟਵੇ' ਸਟੇਸ਼ਨ ਬਣਾਉਣ ਤੇ 2028 ਵਿਚ ਮਨੁੱਖੀ ਮਿਸ਼ਨ ਲਾਂਚ ਕਰਨ ਦੀ ਤਿਆਰੀ ਵਿਚ ਸੀ, ਪਰ ਮਾਈਕ ਪੈਂਸ ਦੇ ਐਲਾਨ ਤੋਂ ਬਾਅਦ ਉਸ ਦੇ ਸਾਹਮਣੇ ਮੁਸ਼ਕਲਾਂ ਖੜੀਆਂ ਹੋ ਗਈਆਂ ਹਨ। ਪੈਂਸ ਨੇ ਕਿਹਾ, 'ਸਾਨੂੰ ਪੰਜ ਸਾਲਾਂ ਵਿੱਚ ਚੰਦਰਮਾ ਉੱਤੇ ਆਪਣੀ ਹਾਜ਼ਰੀ ਸਾਬਤ ਕਰਨੀ ਹੈ। ਉਸ ਤੋਂ ਤੁਰੰਤ ਬਾਅਦ ਮੰਗਲ ਗ੍ਰਹਿ ਉੱਤੇ ਮਨੁੱਖੀ ਮਿਸ਼ਨ ਭੇਜਣਾ ਹੈ। ਇਸ ਮਿਸ਼ਨ ਵਿਚ ਅਸਫਲ ਹੋਣ ਦਾ ਬਦਲ ਨਹੀਂ ਹੈ।'

# ਯੂ ਬੀ ਸੀ ਨੇ ਉੱਘੇ ਲੇਖਕ ਸਾਧੂ ਬਿੰਨਿਗ ਨੂੰ ਆਨਰੇਰੀ ਡਿਗਰੀ ਦੇਣ ਦਾ ਐਲਾਨ

ਵੈਨਕੂਵਰ, 27 ਮਾਰਚ- ਕੈਨੇਡਾ ਦੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਨੇ ਕੈਨੇਡਾ ਦੀਆਂ ਪੰਦਰਾਂ ਸਨਮਾਨਯੋਗ ਸਖ਼ਸ਼ੀਅਤਾਂ ਨੂੰ ਆਨਰੇਰੀ ਡਿਗਰੀ ਦੇਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚ ਸਾਧੂ ਬਿੰਨਿਗ ਤੋਂ ਇਲਾਵਾ ਤਿੰਨ ਹੋਰ ਸਖਸ਼ੀਅਤਾਂ ਸਾਊਥ ਏਸ਼ੀਅਨ ਭਾਈਚਾਰੇ ਨਾਲ ਸਬੰਧਤ ਹਨ। ਸਾਧੂ ਬਿੰਨਿਗ ਪੰਜਾਬੀ ਦੇ ਉੱਘੇ ਲੇਖਕ, ਸੰਪਾਦਕ, ਅਧਿਆਪਕ ਅਤੇ ਕੈਨੇਡਾ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਲਈ ਕਾਰਜਸ਼ੀਲ ਹਨ। ਉਹ 1987-2008 ਤੱਕ ਯੂ ਬੀ ਸੀ ਵਿੱਚ ਪੰਜਾਬੀ ਅਧਿਆਪਕ ਰਹੇ। ਉਨ੍ਹਾਂ ਨੇ ਆਪਣੀਆਂ ਕਲਾਸਾਂ ਲਈ ਮੌਲਿਕ ਸਲੇਬਸ ਤਿਆਰ ਕੀਤਾ, ਜਿਹੜਾ ਹਾਲੇ ਤੱਕ ਵਰਤਿਆ ਜਾਂਦਾ ਹੈ। ਉਹ ਦਰਜਨ ਤੋਂ ਵੱਧ ਪੰਜਾਬੀ ਅਤੇ ਅੰਗ੍ਰੇਜ਼ੀ ਕਿਤਾਬਾਂ ਦੇ ਲੇਖਕ ਹਨ ਅਤੇ 'ਵਤਨ'



ਰਸਾਲੇ ਦੇ ਸਹਿ-ਸੰਪਾਦਕ ਹਨ। ਸਾਧੂ ਬਿੰਨਿਗ ਪਿਛਲੀ ਸਦੀ ਦੇ ਸੱਤਵੇਂ ਅਤੇ ਅੱਠਵੇਂ ਦਹਾਕੇ ਵਿੱਚ ਕੈਨੇਡਾ ਦੇ ਰੰਗ-ਮੰਚ ਵਿੱਚ ਸਰਗਰਮ ਰਹੇ। ਉਹ 1967 ਵਿੱਚ ਕੈਨੇਡਾ ਪਹੁੰਚੇ ਅਤੇ ਇੱਥੇ ਆ ਕੇ ਉਨ੍ਹਾਂ ਨੇ ਐਮ ਏ ਦੀ ਡਿਗਰੀ ਹਾਸਿਲ ਕੀਤੀ। ਡਾ. ਬਿੰਨਿਗ ਦਾ ਕੈਨੇਡਾ ਦੇ ਪੰਜਾਬੀ ਸਾਹਿਤ, ਸਭਿਆਚਾਰ ਅਤੇ ਬੋਲੀ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਹੈ।

# ਬਜਟ-2019 ਵਿਚ ਹਰੇਕ ਨੂੰ ਸਫ਼ਲ ਹੋਣ ਲਈ ਵਧੀਆ ਮੌਕਾ ਦਿਤਾ ਹੈ : ਸੋਨੀਆ ਸਿੱਧੂ



ਬਰੈਂਪਟਨ, -ਬੱਜਟ 2019 ਵਿਚ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਦੇਸ਼ ਦੇ ਵੱਧ ਰਹੇ ਅਰਥਚਾਰੇ ਦਾ ਲਾਭ ਸਾਰੇ ਕੈਨੇਡਾ-ਵਾਸੀਆਂ ਨੂੰ ਮਹਿਸੂਸ ਹੋਵੇ। ਇਸ ਦਾ ਭਾਵ ਹੈ ਕਿ ਉਨ੍ਹਾਂ ਨੂੰ ਯਥਾਯੋਗ ਘਰ ਮਿਲਣ, ਚੰਗੀਆਂ ਨੌਕਰੀਆਂ ਪ੍ਰਾਪਤ ਹੋਣ, ਉਹ ਪੂਰਨ ਭਰੋਸੇ ਨਾਲ ਸੇਵਾ-ਮੁਕਤ ਹੋਣ ਅਤੇ ਉਨ੍ਹਾਂ ਨੂੰ ਪ੍ਰੈਸਕ੍ਰਿਪਸ਼ਨ ਵਾਲੀਆਂ ਦਵਾਈਆਂ ਸਸਤੀਆਂ ਤੇ ਆਸਾਨੀ ਨਾਲ ਮਿਲਣ। ਬੱਜਟ-2019 ਵਿਚ ਅਸੀਂ ਨੈਸ਼ਨਲ ਫ਼ਾਰਮਾਕੇਅਰ ਪ੍ਰੋਗਰਾਮ ਦੀ ਨੀਂਹ ਰੱਖ ਰਹੇ ਹਾਂ ਅਤੇ ਇਸ ਦੇ ਲਾਗੂ ਹੋਣ ਨਾਲ ਪ੍ਰੈੱਸਕ੍ਰਿਪਸ਼ਨ ਵਾਲੀਆਂ ਦਵਾਈਆਂ ਆਮ ਲੋਕਾਂ ਦੀ ਪਹੁੰਚ ਵਿਚ ਹੋ ਜਾਣਗੀਆਂ।

ਇਸ ਦੇ ਬਾਰੇ ਆਪਣਾ ਪ੍ਰਤੀਕ੍ਰਮ ਦੱਸਦਿਆਂ ਹੋਇਆਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਨੇ ਦੱਸਿਆ,"ਕਿਸੇ ਵੀ ਕੈਨੇਡਾ-ਵਾਸੀ ਨੂੰ ਹੁਣ ਪ੍ਰੈਸਕ੍ਰਿਪਸ਼ਨ ਵਾਲੀਆਂ ਦਵਾਈਆਂ ਦੀਆਂ ਕੀਮਤਾਂ ਤੇ ਖਾਣੇ ਦੇ ਟੇਬਲ ਦੀਆਂ ਵਸਤਾਂ ਵਿਚੋਂ ਚੋਣ ਕਰਨ ਬਾਰੇ ਨਹੀਂ ਸੋਚਣਾ ਪਵੇਗਾ। ਸਾਨੂੰ ਆਪਣੇ ਹੈੱਲਥ ਸਿਸਟਮ 'ਤੇ ਪੂਰਾ ਮਾਣ ਹਾਸਲ ਹੈ ਪਰ ਫਿਰ ਵੀ ਕਈਆਂ ਲੋਕਾਂ ਨੂੰ ਅਜੇ ਵੀ ਅਜਿਹਾ ਮੁਸ਼ਕਲ ਫ਼ੈਸਲਾ ਲੈਣਾ ਪੈਂਦਾ ਹੈ।"

ਬੱਜਟ-2019 ਨਾਲ ਫ਼ੈੱਡਰਲ ਸਰਕਾਰ ਕੈਨੇਡਾ ਦੇ ਸੀਨੀਅਰਜ਼ ਦੇ ਜੀਵਨ ਨੂੰ ਸੁਖਾਲਾ, ਯਥਾਯੋਗ ਤੇ ਮਹੱਤਵਪੂਰਨ ਬਨਾਉਣ ਜਾ ਰਹੀ ਹੈ। ਉਨ੍ਹਾਂ ਵਿੱਚੋਂ ਜਿਹੜੇ ਆਪਣੀ ਰਿਟਾਇਰਮੈਂਟ ਤੋਂ ਬਾਅਦ ਵੱਖ-ਵੱਖ ਕਮਿਊਨਿਟੀਆਂ ਵਿਚ ਵਿਚਰ ਕੇ ਚੁਸਤ-ਦਰੁੱਸਤ ਜੀਵਨ ਬਤੀਤ ਕਰਨਾ ਚਾਹੁੰਦੇ ਹਨ, ਸਰਕਾਰ ਉਨ੍ਹਾਂ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰ ਰਹੀ ਹੈ। ਅਲਬੱਤਾ, ਜੀਵਨ-ਭਰ ਦੀ ਸਖ਼ਤ ਮਿਹਨਤ ਤੋਂ ਬਾਅਦ ਹਰੇਕ ਕੈਨੇਡੀਅਨ ਦਾ ਵਿੱਤੀ ਮਾਮਲਿਆਂ ਪੱਖੋਂ ਚਿੰਤਾ-ਮੁਕਤ ਰਿਟਾਇਰਮੈਂਟ ਹੋਣ ਦਾ ਹੱਕ ਬਣਦਾ ਹੈ।

ਸਾਲ 2015 ਤੋਂ ਸਰਕਾਰ ਨੇ ਪੋਸਟ ਸੈਕੰਡਰੀ ਸਿੱਖਿਆ ਤੇ ਟ੍ਰੇਨਿੰਗ ਨੂੰ ਯਥਾਯੋਗ ਅਤੇ ਪਹੁੰਚ ਵਾਲੀ ਬਨਾਉਣ ਲਈ ਕਈ ਕਦਮ ਚੁੱਕੇ ਹਨ ਜਿਨ੍ਹਾਂ ਵਿਚ ਇਹ ਯਕੀਨੀ ਬਨਾਉਣਾ ਸ਼ਾਮਲ ਹੈ ਕਿ ਕਿਸੇ ਵੀ ਵਿਦਿਆਰਥੀ ਨੂੰ ਕੈਨੇਡਾ ਸਟੂਡੈਂਟ ਲੋਨ ਨੂੰ ਓਨਾ ਚਿਰ ਵਾਪਸ ਕਰਨ ਦੀ ਜ਼ਰੂਰਤ ਨਹੀਂ ਹੈ ਜਿੰਨਾਂ ਚਿਰ ਉਸ ਨੂੰ 25,000 ਡਾਲਰ ਸਲਾਨਾ ਵਾਲੀ ਨੌਕਰੀ ਨਹੀਂ ਮਿਲ ਜਾਂਦੀ। ਬੱਜਟ-2019 ਵਿਚ ਨੌਜੁਆਨ ਕੈਨੇਡੀਅਨ ਘੱਟ ਵਿਆਜ ਦਰ 'ਤੇ ਸਟੂਡੈਂਟ ਲੋਨ ਲੈ ਸਕਣਗੇ ਅਤੇ ਉਨ੍ਹਾਂ ਨੂੰ ਸਬੰਧਿਤ ਵਿਦਿਅਕ-ਅਦਾਰੇ ਵਿੱਚੋਂ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਛੇ ਮਹੀਨੇ ਤੱਕ ਸਟੂਡੈਂਟ ਲੋਨ ਉੱਪਰ ਕੋਈ ਵਿਆਜ ਨਹੀਂ ਦੇਣਾ ਪਵੇਗਾ।

ਇਸ ਦੇ ਨਾਲ ਹੀ ਪਹਿਲੀ ਵਾਰ ਘਰ ਖ਼੍ਰੀਦਣ ਵਾਲੇ ਖ਼੍ਰੀਦਦਾਰ ਨੂੰ ਇਸ ਮੰਤਵ ਲਈ ਦਿੱਤੇ ਜਾਣ ਵਾਲੇ ਇਨਸੈਂਟਿਵ ਨਾਲ ਉਸ ਦੀ ਮਹੀਨਾਵਾਰ ਮੌਰਟਗੇਜ ਦੀ ਕਿਸ਼ਤ ਘੱਟ ਹੋਣ ਨਾਲ ਉਸ ਨੂੰ ਲਾਭ ਹੋਵੇਗਾ। ਸ਼ੇਅਰਡ ਇਕੁਇਟੀ ਮੌਰਟਗੇਜ ਨਾਲ ਉਸ ਨੂੰ ਘਰ ਖ਼ੀਦਣ ਵਿਚ 5% ਤੋਂ 10% ਤੱਕ ਫ਼ਾਇਦਾ ਹੋਵੇਗਾ।

ਬਰੈਂਪਟਨ ਤੇ ਪੀਲ ਰੀਜਨ ਵਿਚ ਲੋਕਾਂ ਨੂੰ ਸਥਾਨਿਕ ਮਿਉਂਨਿਸਿਪਲੀਆਂ ਰਾਹੀਂ ਉੱਪਰੋਂ ਲੈ ਕੇ ਹੇਠਾਂ ਤੱਕ ਇਨਫ਼ਰਾਸਟਰੱਕਰ ਨੂੰ ਸੁਧਾਰਨ ਲਈ ਲੋੜੀਂਦੀ ਰਾਸ਼ੀ ਦੀ ਵਿਵਸਥਾ ਕੀਤੀ ਗਈ ਹੈ। ਬੱਜਟ-2019 ਵਿਚ ਇਨਫ਼ਰਾਸਟਰੱਕਚਰ ਨੂੰ ਮੁੱਖ ਰੱਖਦਿਆਂ ਹੋਇਆਂ ਫ਼ੈੱਡਰਲ ਫ਼ੰਡ ਵਿੱਚੋਂ ਇਨ੍ਹਾਂ ਮਿਉਂਨਿਸਿਪਲਿਟੀ ਆਂ ਨੂੰ ਮਿਲਣ ਵਾਲੀ ਰਾਸ਼ੀ ਦੁੱਗਣੀ ਕਰ ਦਿੱਤੀ ਗਈ ਹੈ।

ਇਸ ਤਰ੍ਹਾਂ ਇਹ ਬੱਜਟ-2019 ਹਰੇਕ ਕੈਨੇਡੀਅਨ ਦੀ ਸਫ਼ਲਤਾ ਲਈ ਕੰਮ ਕਰਨ ਵਾਲਾ ਹੈ।







**Paramjit Deol** Broker
**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



**Your neighborhood broker, Call Paramjit Deol Today**

**TORONTO $6.99/Sq Ft** — **22 Arrow Rd 1**: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

**Chatham-Kent $85,000** — **2 Chittim Rd 408 :** Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

**TORONTO $140,000** — **45 Four Winds Dr :** Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

**BRAMPTON $169,900** — Photo Not Available — **537 Van Kirk Dr 110 :** Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

**BRAMPTON $195,900** — Photo Not Available — **2070 Steeles Ave 18:** Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

**BRAMPTON $199,900** — Photo Not Available — **8770 The Gore Rd 6 :** Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

**BRAMPTON $199,000** — **25 Cherrycrest Dr:** Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

**BRAMPTON $369,000** — **15 Brisdale Dr 7&8 :** ਹੱਥੋਂ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

**TORONTO $309,000** — **320 Dixon Rd 1715:** Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

**BRAMPTON $349,000** — SUBWAY eat fresh. — **3024 Hurontario St G7 :** Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000** — **315 Royal West Dr F & G :** Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**MISSISSAUGA $469,000** — Photo Not Available — **349 Rathburn Rd W 1601:** First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

**BRAMPTON $469,000** — Photo Not Available — **537 Van Kirk Dr 110:** For sale Please call 905-405-8484

**BRANTFORD $525,000** — **118&120 Morrell St:** Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

**MISSISSAUGA $629,000** — Photo Not Available — **7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $779,000** — **9 Loftsmoor Dr:** Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਉਨਟੇਰੀਓ ਖਾਲਸਾ ਦਰਬਾਰ (ਡਿਕਸੀ) ਗੁਰਦੁਆਰਾ ਸਾਹਿਬ ਦੀ ਸੰਗਤ ਨੂੰ

## 'ਉਨਟੇਰੀਓ ਖਾਲਸਾ ਦਰਬਾਰ ਪੰਥਕ ਅਲਾਇੰਸ' ਵਲੋਂ ਬੇਨਤੀ

ਗੁਰੂ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥**

ਸੰਗਤ ਦੀ ਸਖ਼ਤ ਮਿਹਨਤ, ਅਥਾਹ ਸ਼ਰਧਾ ਅਤੇ ਤਿੱਲਫੁੱਲ ਸਦਕਾ ਸੱਤਰਵਿਆਂ ਵਿੱਚ ਇੱਕ ਨਿੱਕੇ ਜਿਹੇ ਘਰ ਤੋਂ ਸ਼ੁਰੂ ਹੋਇਆ ਉਨਟੇਰੀਓ ਖਾਲਸਾ ਦਰਬਾਰ ਗੁਰਦੁਆਰਾ ਸਾਹਿਬ ਅੱਜ ਨਾਰਥ ਅਮਰੀਕਾ ਵਿੱਚ ਹੀ ਨਹੀਂ ਬਲਕਿ ਦੁਨੀਆਂ ਭਰ ਵਿੱਚ ਅਹਿਮ ਸਥਾਨ ਰੱਖਦਾ ਹੈ । ਸੰਗਤ ਦੁਆਰਾ ਸੰਗਤ ਲਈ ਉਸਾਰੇ ਗਏ ਇਸ ਗੁਰੂਘਰ ਦਾ ਪ੍ਰਬੰਧ ਕਿਸੇ ਇੱਕ ਧਿਰ ਜਾਂ ਪਾਰਟੀ ਦੇ ਨਿੱਜੀ ਹੱਥਾਂ ਵਿੱਚ ਨਾਂ ਹੋ ਕੇ ਸੰਗਤ ਕੋਲ ਹੀ ਰਹਿਣਾ ਚਾਹੀਦਾ ਹੈ। ਮੌਜੂਦਾ ਕਮੇਟੀ ਵਲੋਂ ਬਿਨਾਂ ਕਿਸੇ ਸਲਾਹ ਤੋਂ ਕੀਤੀਆਂ ਮਨਮਾਨੀਆਂ ਸਾਡੀ ਆਉਣ ਵਾਲੀ ਪੀੜ੍ਹੀ ਲਈ ਘਾਤਕ ਸਿੱਧ ਹੋਣਗੀਆਂ। ਇਸ ਲਈ ਸੰਗਤਾਂ ਦੇ ਚਰਨਾਂ ਵਿੱਚ ਹੱਥ ਜੋੜ ਕੇ ਬੇਨਤੀ ਹੈ ਕਿ ਇੱਕ ਵਾਰ ਪਹਿਲਾਂ ਦੀ ਤਰ੍ਹਾਂ ਮੋਢੇ ਨਾਲ ਮੋਢਾ ਜੋੜ ਕੇ ਇਸ ਗੁਰੂ ਘਰ ਨੂੰ ਆਉਣ ਵਾਲੀਆਂ ਪੀੜੀਆਂ ਲਈ ਪ੍ਰੇਰਨਾ ਸ੍ਰੋਤ ਬਣਾਈਏ। ਤੁਹਾਡਾ ਇੱਕ-ਇੱਕ ਅਹਿਮ ਵੋਟ ਸਾਡੇ ਇਸ ਸਿੱਖੀ ਦੇ ਧੁਰੇ ਨੂੰ ਭਵਿੱਖ ਵਿੱਚ ਇੱਕ ਅਹਿਮ ਮਾਰਗ ਦਰਸ਼ਕ ਬਣਾਉਣ ਵਿੱਚ ਮੱਦਦ ਕਰੇਗਾ। ਸਾਡਾ ਨਿਸ਼ਾਨਾ ਹੈ ਕਿ ਸੰਗਤ ਦੁਆਰਾ ਸੰਗਤ ਲਈ ਬਣਾਇਆ ਇਹ ਸਿੱਖੀ ਦਾ ਧੁਰਾ ਸਦਾ ਲਈ ਸੰਗਤ ਦੇ ਹੱਥਾਂ ਵਿੱਚ ਰਹੇ।




ਬਡਿਆਲ, ਅਵਤਾਰ ਸਿੰਘ
Badyal, Avtar Singh
416-464-2067




ਬੈਂਸ, ਅਬਿਨਾਸ਼ ਸਿੰਘ
Bains, Abinash Singh
416-671-9469




ਭੁੱਲਰ, ਗੁਰਿੰਦਰਜੀਤ ਸਿੰਘ
Bhullar, Gurinderjit Singh
416-452-2011




ਬੋਲੀਨਾ, ਪਰਮਜੀਤ ਸਿੰਘ
Bolina, Paramjit Singh
416-881-3636




ਦਿਓਲ, ਅਮਰੀਕ ਸਿੰਘ
Deol, Amrik Singh
416-450-6011




ਗਿੱਲ, ਜਸਵੀਰ ਸਿੰਘ
Gill, Jasvir Singh
905-455-1653




ਜੌਹਲ, ਹਰਜੀਤ ਸਿੰਘ
Johal, Harjit Singh
416-820-6445




ਪੰਧੇਰ, ਰਣਜੋਧ ਸਿੰਘ
Pandher, Ranjodh Singh
905-455-9152




ਸਹੋਤਾ, ਜੋਧ ਸਿੰਘ
Sahota, Jodh Singh
647-261-0078




ਸਿੰਘ, ਬਲਕਾਰ
Singh, Balkar
647-298-8464




ਸਿੰਘ, ਨਵਜੀਤ
Singh, Navjit
416-558-0146

ਉਨਟੇਰੀਓ ਖਾਲਸਾ ਦਰਬਾਰ ਦੇ 11 ਬੋਰਡ ਆਫ ਡਾਇਰੈਕਟਰਜ਼ ਚੁਣੇ ਜਾਣਗੇ, ਜਿਸ ਵਾਸਤੇ ਉਪਰੋਕਤ ਦਾਸਰਿਆਂ ਦੀ ਸਲੇਟ ਤਿਆਰ ਕੀਤੀ ਗਈ ਹੈ। ਇਸ ਲਈ ਗੁਰੂ ਪਿਆਰੀ ਸਾਧ ਸੰਗਤ ਜੀ ਆਓ 'ਉਨਟੇਰੀਓ ਖਾਲਸਾ ਦਰਬਾਰ ਪੰਥਕ ਅਲਾਇੰਸ' ਦਾ ਹਿੱਸਾ ਬਣ ਕੇ ਪੰਥਕ ਅਲਾਇੰਸ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ ਜੀ

**ਵੋਟਾਂ ਮਿਤੀ: 31 ਮਾਰਚ, 2019, ਦਿਨ ਐਤਵਾਰ**

**ਸਮਾਂ: ਸਵੇਰੇ 9:30 ਵਜੇ ਤੋਂ 6:30 ਸ਼ਾਮ**

**ਸਥਾਨ: ਉਨਟੇਰੀਓ ਖਾਲਸਾ ਦਰਬਾਰ, 7080 ਡਿਕਸੀ ਰੋਡ, ਮਿਸੀਸਾਗਾ**

**ਨੋਟ: ਵੋਟ ਪਾਉਣ ਲਈ ਸਮੂਹ ਮੈਂਬਰ ਆਪਣੇ ਨਾਲ ਇੱਕ ਫੋਟੋ ਆਈ. ਡੀ. ਜ਼ਰੂਰ ਲਿਆਉਣ ਜਿਸ ਤੇ ਪਤੇ ਦਾ ਸਬੂਤ ਹੋਵੇ।**

## Please vote for all these Candidates of Panthak Alliance

| | | | | | | | |
|---|---|---|---|---|---|---|---|
| 1 | ਬਡਿਆਲ, ਅਵਤਾਰ ਸਿੰਘ<br>Badyal, Avtar Singh |  | ✓ | 12 | ਪੰਧੇਰ, ਰਣਜੋਧ ਸਿੰਘ<br>Pandher, Ranjodh Singh |  | ✓ |
| 2 | ਬੈਂਸ, ਅਬਿਨਾਸ਼ ਸਿੰਘ<br>Bains, Abinash Singh |  | ✓ | 13 | | | |
| 3 | | | | 14 | ਸਹੋਤਾ, ਜੋਧ ਸਿੰਘ<br>Sahota, Jodh Singh |  | ✓ |
| 4 | | | | 15 | | | |
| 5 | ਭੁੱਲਰ, ਗੁਰਿੰਦਰਜੀਤ ਸਿੰਘ<br>Bhullar, Gurinderjit Singh |  | ✓ | 16 | ਸਿੰਘ, ਬਲਕਾਰ<br>Singh, Balkar |  | ✓ |
| 6 | ਬੋਲੀਨਾ, ਪਰਮਜੀਤ ਸਿੰਘ<br>Bolina, Paramjit Singh |  | ✓ | 17 | | | |
| 7 | ਦਿਓਲ, ਅਮਰੀਕ ਸਿੰਘ<br>Deol, Amrik Singh |  | ✓ | 18 | | | |
| 8 | | | | 19 | | | |
| 9 | ਗਿੱਲ, ਜਸਵੀਰ ਸਿੰਘ<br>Gill, Jasvir Singh |  | ✓ | 20 | | | |
| 10 | | | | 21 | ਸਿੰਘ, ਨਵਜੀਤ<br>Singh, Navjit |  | ✓ |
| 11 | ਜੌਹਲ, ਹਰਜੀਤ ਸਿੰਘ<br>Johal, Harjit Singh |  | ✓ | 22 | | | |




1. **ਸੰਵਿਧਾਨ**:- ਨਵੀਂ ਕਮੇਟੀ ਦੇ ਬਣਦੇ ਸਾਰ ਹੀ ਜਨਰਲ ਬਾਡੀ ਦੀ ਮੀਟਿੰਗ ਬੁਲਾ ਕੇ ਸੰਵਿਧਾਨ ਵਿੱਚ ਸੋਧਾਂ ਹੋਣਗੀਆਂ ਤਾਂ ਜੋ ਕੋਈ ਵੀ ਕਮੇਟੀ ਆਪਹੁਦਰੀਆਂ ਨਾ ਕਰ ਸਕੇ। ਇਸ ਦੇ ਨਾਲ-ਨਾਲ ਸਾਲ ਵਿੱਚ ਦੋ ਜਨਰਲ ਬਾਡੀ ਦੀਆਂ ਮੀਟਿੰਗਾਂ ਜ਼ਰੂਰੀ ਕਰਵਾਈਆਂ ਜਾਣਗੀਆਂ।
2. **ਗਰਾਊਂਡਾਂ**:- ਬੱਚਿਆਂ ਅਤੇ ਮਾਪਿਆਂ ਨੂੰ ਗੁਰਦੁਆਰਾ ਸਾਹਿਬ ਨਾਲ ਜੋੜਣ ਲਈ ਪਹਿਲੇ ਸਾਲ ਹੀ ਗਰਾਊਂਡਾਂ ਚਾਲੂ ਕੀਤੀਆਂ ਜਾਣਗੀਆਂ।
3. **ਧਰਮ ਪ੍ਰਚਾਰ**:- ਸਿੱਖੀ ਅਤੇ ਮਾਂ ਬੋਲੀ ਦੇ ਪ੍ਰਚਾਰ ਲਈ ਪੰਜਾਬੀ ਅਤੇ ਗੁਰਮਤਿ ਸਕੂਲ ਦਾ ਪਹਿਲ ਦੇ ਅਧਾਰ ਤੇ ਵਿਸਥਾਰ ਕੀਤਾ ਜਾਵੇਗਾ ਜਿਸਦਾ ਨਿਸ਼ਾਨਾ ਖਾਲਸਾ ਸਕੂਲ ਦੀ ਸਥਾਪਨਾ ਹੋਵੇਗਾ।
4. **ਕਲਚਰ ਅਤੇ ਸੱਭਿਆਚਾਰ**:- ਆਪਣੇ ਅਮੀਰ ਵਿਰਸੇ ਤੇ ਧਰਮ ਦੀ ਜਾਣਕਾਰੀ ਲਈ ਨਾਰਥ ਅਮਰੀਕਾ ਵਿੱਚ ਆਪਣੀ ਕਿਸਮ ਦਾ ਪਹਿਲਾ ਮਲਟੀ ਮੀਡੀਆ ਮਿਊਜ਼ੀਅਮ ਸਥਾਪਤ ਕੀਤਾ ਜਾਵੇਗਾ।
5. **ਐਲੀਵੇਟਰ /ਲਿਫਟ**:- ਲੋੜਵੰਦਾਂ ਅਤੇ ਬਜ਼ੁਰਗਾਂ ਦੀ ਸਹੂਲਤ ਲਈ ਲਿਫਟ ਨੂੰ ਆਪਣੇ ਕਾਰਜਕਾਲ ਦੌਰਾਨ ਚਾਲੂ ਕੀਤਾ ਜਾਵੇਗਾ।
6. **ਹਿਸਾਬ -ਕਿਤਾਬ**:- ਗੁਰੂ ਦੀ ਗੋਲਕ ਨੂੰ ਪੰਜ ਮੈਂਬਰਾਂ ਦੀ ਕਮੇਟੀ ਦੀ ਨਿਗਰਾਨੀ ਅਧੀਨ ਗਿਣ ਕੇ ਖਜਾਨਚੀ ਰਾਹੀਂ ਜਮ੍ਹਾਂ ਕਰਵਾਇਆ ਜਾਵੇਗਾ ਅਤੇ ਹਰ ਮਹੀਨੇ ਹਿਸਾਬ-ਕਿਤਾਬ ਨੋਟਿਸ ਬੋਰਡ ਤੇ ਲਗਾਇਆ ਜਾਵੇਗਾ।
7. **ਕੀਰਤਨੀ ਜਥੇ/ ਕਥਾ ਵਾਚਕ**:- ਯੋਗ ਕੀਰਤਨੀ ਜਥੇ ਅਤੇ ਕਥਾ ਵਾਚਕ ਮੰਗਵਾਉਣ ਦਾ ਕੰਮ ਪਾਰਦਰਸ਼ੀ ਬਣਾਇਆ ਜਾਵੇਗਾ। ਇਸ ਦੀ ਨਿਗਰਾਨੀ ਲਈ ਪੰਜ ਮੈਂਬਰਾਂ ਦੀ ਕਮੇਟੀ ਬਣਾਈ ਜਾਵੇਗੀ।
8. **ਸਬ- ਕਮੇਟੀਆਂ**:- ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਚੁਣੀ ਹੋਈ ਕਮੇਟੀ ਦੇ ਨਾਲ-ਨਾਲ ਅਡਵਾਈਜ਼ਰੀ ਕਮੇਟੀ ਅਤੇ ਸਬ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ।
9. **ਬਾਹਰੀ ਸੁੰਦਰਤਾ**:- ਸੰਗਤਾਂ ਦੇ ਸਹਿਯੋਗ ਅਤੇ ਜਨਰਲ ਬਾਡੀ ਦੀ ਮਨਜ਼ੂਰੀ ਦੇ ਨਾਲ ਗੁਰਦੁਆਰਾ ਸਾਹਿਬ ਦੀ ਅੰਦਰੂਨੀ ਅਤੇ ਬਾਹਰਲੀ ਦਿੱਖ ਨੂੰ ਸੁਧਾਰਨ ਦੇ ਨਾਲ- ਨਾਲ ਡੈਰੀ ਰੋਡ ਵਾਲੇ ਪਾਸੇ ਵਾਧਾ ਕੀਤਾ ਜਾਵੇਗਾ ਜਿਸ ਵਿੱਚ ਜੋੜਾ ਘਰ ਅਤੇ ਲਾਇਬਰੇਰੀ ਬਣਾਏ ਜਾਣਗੇ।
10. **ਭਵਿੱਖ ਦੀਆਂ ਯੋਜਨਾਵਾਂ**:- ਗੁਰਦੁਆਰਾ ਸਾਹਿਬ ਦਾ ਉਦੇਸ਼ ਖਾਲਸਾ ਸਕੂਲ, ਡੇਅ ਕੇਅਰ, ਬਿਰਧ ਆਸ਼ਰਮ, ਰਿਸੋਰਸ ਅਤੇ ਟਰੇਡ ਸੈਂਟਰ ਸਥਾਪਿਤ ਕਰਨਾ ਹੋਵੇਗਾ।




1. ਗੁਰਦੁਆਰਾ ਸਾਹਿਬ ਦੇ ਸੰਵਿਧਾਨ ਮੁਤਾਬਕ ਜਨਰਲ ਬਾਡੀ ਦੀ ਹਰ ਸਾਲ ਵਿੱਚ ਇੱਕ ਮੀਟਿੰਗ ਲਾਜ਼ਮੀ ਹੈ ਪਰ ਪਿਛਲੇ ਤਿੰਨ ਸਾਲਾਂ ਵਿੱਚ ਇੱਕ ਵੀ ਕਿਉਂ ਨਹੀਂ?
2. ਕੀ ਕਮੇਟੀ ਦੱਸ ਸਕਦੀ ਹੈ ਕਿ ਕਿਸੇ ਵੀ ਵੱਡੇ ਪ੍ਰਾਜੈਕਟ ਦੀ ਪ੍ਰਵਾਨਗੀ ਜਾਂ ਉਸ ਦਾ ਹਿਸਾਬ ਕਿਤਾਬ ਜਨਰਲ ਬਾਡੀ ਨੂੰ ਦੇਣ ਦੀ ਲੋੜ ਕਿਉਂ ਨਹੀਂ ਸਮਝੀ?
3. ਕੀ ਕਮੇਟੀ ਦੱਸ ਸਕਦੀ ਹੈ ਕਿ ਤਿੰਨ ਕੁ ਮਹੀਨਿਆਂ ਵਿੱਚ ਬਣਾਏ 1071 ਮੈਂਬਰਾਂ ਦੀ ਫੀਸ ਦੇ 1,178,100 ਡਾਲਰ ਕਿੱਥੇ ਜਮ੍ਹਾਂ ਕਰਵਾਏ?
4. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਬੈਂਕੁਇਟ ਹਾਲ ਵਿੱਚ ਭੇਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਘੋਰ ਉਲੰਘਣਾ ਕਿਉਂ ਕੀਤੀ ਗਈ?
5. ਵਿਰਸੇ ਅਤੇ ਸੱਭਿਆਚਾਰ ਦੇ ਪ੍ਰਸਾਰ ਲਈ ਢਾਈ ਲੱਖ ਡਾਲਰ ਖਰਚ ਕੇ ਬਣਾਇਆ ਮਲਟੀ ਮੀਡੀਆ ਮਿਊਜ਼ੀਅਮ ਕਿਉਂ ਤੋੜਿਆ ਗਿਆ?
6. ਸਿੱਖੀ ਅਤੇ ਮਾਂ-ਬੋਲੀ ਨੂੰ ਪ੍ਰਫੁੱਲਤ ਕਰਨ ਲਈ ਵਧੀਆ ਚੱਲਦਾ ਪੰਜਾਬੀ ਸਕੂਲ ਬੰਦ ਹੋਣ ਕਿਨਾਰੇ ਕਿਉਂ ਜਾ ਪੁੱਜਾ?
7. ਕੀ ਕਮੇਟੀ ਦੱਸ ਸਕਦੀ ਹੈ ਕਿ ਕਿਸੇ ਵੀ ਵੱਡੇ ਕੰਮ ਲਈ ਕਿੰਨੇ ਟੈਂਡਰ ਲਏ ਗਏ ਅਤੇ ਕਿੱਥੇ ਅਤੇ ਕਦੋਂ ਖੋਲ੍ਹੇ ਗਏ?
8. ਕੀ ਡੈਰੀ ਅਤੇ ਡਿਕਸੀ ਦੀ ਕਾਰਨਰ ਤੇ ਬਿਨਾਂ ਕਿਸੇ ਵਿਉਂਤਬੰਦੀ ਤੋਂ ਮਿੱਟੀ ਸੁੱਟ ਕੇ ਘਾਹ ਵਿਛਾਉਣ ਨੂੰ ਆਲੀਸ਼ਾਨ ਪਾਰਕ ਕਿਹਾ ਜਾ ਸਕਦਾ ਹੈ?
9. ਬੱਚਿਆਂ ਦੇ ਖੇਡਣ ਵਾਲੀਆਂ ਵਧੀਆ ਗਰਾਊਂਡਾਂ ਵਿੱਚ ਅੱਜ ਗੋਡੇ-ਗੋਡੇ ਬੂਟੀ ਕਿਉਂ ਖੜ੍ਹੀ ਹੈ?
10. ਕੀ ਕਮੇਟੀ ਦੱਸ ਸਕਦੀ ਹੈ ਕਿ ਫੁੱਟਬਾਲ ਖਿਡਾਰੀਆਂ ਅਤੇ ਮਾਪਿਆਂ ਵਲੋਂ ਵਿਰੋਧ ਦੇ ਬਾਵਜੂਦ ਜਿੰਮ ਵਿੱਚ ਕਮਰੇ ਕਿਉਂ ਬਣਵਾਏ ਗਏ?
11. ਕੀ ਕਮੇਟੀ ਵਲੋਂ ਜਿੰਮ ਵਿੱਚ ਕਮਰੇ ਸਿਟੀ ਨੂੰ ਹਨੇਰੇ ਵਿੱਚ ਰੱਖ ਕੇ ਤਾਂ ਨਹੀਂ ਬਣਾਏ ਗਏ ਗਏ ਜਿਸ ਦਾ ਖਮਿਆਜ਼ਾ ਭਵਿੱਖ ਵਿੱਚ ਭੁਗਤਣਾ ਪਵੇ?
12. ਕੀ ਕਮੇਟੀ ਦੱਸ ਸਕਦੀ ਹੈ ਕਿ ਕਿਚਨ ਦਾ ਪਰਮਿਟ ਸਿਟੀ ਵਲੋਂ ਕਿਉਂ ਰੋਕਿਆ ਗਿਆ?
13. ਇਲੈਕਸ਼ਨ ਕਰਵਾਉਣ ਅਤੇ ਕਮਿਸ਼ਨ ਬਣਾਉਣ ਤੋਂ ਪਹਿਲਾਂ ਸੰਗਤ ਵਲੋਂ ਕੀਤੀ ਜਨਰਲ ਬਾਡੀ ਦੀ ਮੀਟਿੰਗ ਦੀ ਮੰਗ ਕਿਉਂ ਠੁਕਰਾ ਦਿੱਤੀ ਗਈ?



# ਸੰਪਾਦਕੀ

## ਬਰੈਂਪਟਨ ਨੂੰ ਘੱਟ ਫੰਡਾਂ ਬਾਰੇ ਐਮ ਪੀ ਚੁੱਪ ਕਿਉਂ?

ਕੁੱਝ ਗੱਲਾਂ ਸੰਕੇਤਕ ਹੁੰਦੀਆਂ ਹਨ ਪਰ ਕਈ ਸੰਕੇਤਾਂ ਵਿੱਚ ਗੰਭੀਰ ਰਹੱਸ ਵੀ ਛੁਪੇ ਹੋਏ ਹੁੰਦੇ ਹਨ। ਜਿਸ ਦਿਨ ਹਾਊਸ ਆਫ ਕਾਮਨਜ਼ ਵਿੱਚ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਉੱਤੇ 'ਖੁੱਲ ਕੇ ਗੱਲ ਕਰਨ ਬਾਰੇ ਪਾਈ ਨਕੇਲ'ਨੂੰ ਲਾਹੁਣ ਲਈ ਚਾਰਾਜੋਈ ਕਰਨ ਵਾਸਤੇ ਕੰਜ਼ਰਵੇਟਿਵਾਂ ਵੱਲੋਂ ਲੰਬੀ ਬਹਿਸ ਕੀਤੀ ਜਾ ਰਹੀ ਸੀ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬੱਜਟ ਵਿੱਚ ਰੱਖੇ ਗਏ 'ਫੈਡਰਲ ਗੈਸ ਟੈਕਸ ਡਾਲਰਾਂ' ਬਾਰੇ ਐਲਾਨ ਕਰਨ ਲਈ ਮਿਸੀਸਾਗਾ ਪੁੱਜੇ ਹੋਏ ਸਨ। ਇਸਤੋਂ ਬਾਅਦ ਉਹਨਾਂ ਨੇ ਇਰਾਨੀ ਅਤੇ ਪਾਰਸੀ ਨਵੇਂ ਸਾਲ 'ਨਵਰੋਜ਼' ਦੇ ਜਸ਼ਨਾਂ ਵਿੱਚ ਸ਼ਾਮਲ ਹੋਣਾ ਸੀ। ਦੂਜੇ ਪਾਸੇ ਬਰੈਂਪਟਨ ਦੇ ਐਮ ਪੀ ਆਪੋ ਆਪਣੀ ਰਾਈਡਿੰਗ ਦੇ ਵੋਟਰਾਂ ਨੂੰ ਹੋਲੀ ਦੀਆਂ ਮੁਬਾਰਕਾਂ ਦੇਣ ਵਿੱਚ ਮਸਰੂਫ਼ ਸਨ। ਪਰ ਉਸ ਦਿਨ ਬਰੈਂਪਟਨ ਨਾਲ ਕੁੱਝ ਅਜਿਹਾ ਵਾਪਰਿਆ ਜਿਸ ਬਾਰੇ ਆਮ ਸ਼ਹਿਰੀ ਨੂੰ ਪਤਾ ਨਹੀਂ ਲੱਗਾ ਅਤੇ ਮਸਲੇ ਦੇ ਜਾਣਕਾਰਾਂ ਨੇ ਖਾਸ ਕਰਕੇ ਓਟਾਵਾ ਵਿੱਚ ਸਾਡੇ ਹੱਕਾਂ ਉੱਤੇ ਪਹਿਰਾ ਦੇਣ ਵਾਲੇ ਮੈਂਬਰ ਪਾਰਲੀਮੈਂਟਾਂ ਨੇ ਇਸ ਬਾਰੇ ਕੁੱਝ ਨਾ ਬੋਲਣ ਵਿੱਚ ਹੀ ਭਲਾ ਸਮਝਿਆ।

ਮਿਸੀਸਾਗਾ ਵਿੱਚ ਪ੍ਰਧਾਨ ਮੰਤਰੀ ਐਲਾਨ ਕਰਕੇ ਗਏ ਕਿ ਫੈਡਰਲ ਬੱਜਟ ਵਿੱਚ ਗੈਸ ਟੈਕਸ ਲਈ ਰੱਖੇ ਗਏ ਦੁੱਗਣੇ ਰਾਖਵੇਂ ਡਾਲਰਾਂ ਵਿੱਚੋਂ ਮਿਸੀਸਾਗਾ ਨੂੰ 80 ਮਿਲੀਅਨ ਡਾਲਰ ਪ੍ਰਾਪਤ ਹੋਣਗੇ। ਇਸ ਰਾਸ਼ੀ ਨੂੰ ਸਿਟੀ ਵੱਲੋਂ ਟਰਾਂਜ਼ਿਟ, ਟਰਾਂਸਪੋਰਟੇਸ਼ਨ ਲਈ ਲੋੜੀਂਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਰਤਿਆ ਜਾ ਸਕਦਾ ਹੈ। ਮਿਸੀਸਾਗਾ ਸਿਟੀ ਨੂੰ ਸਾਧਾਰਨ ਰੂਪ ਵਿੱਚ ਮਿਲਣ ਵਾਲੇ ਗੈਸ ਫੰਡ ਨਾਲੋਂ ਇਹ ਲੱਗਭਗ ਦੁੱਗਣੀ ਰਕਮ ਹੈ। ਸ਼ਹਿਰਾਂ ਦੇ ਵਿਕਾਸ ਵਿੱਚ ਅਜਿਹੇ ਫੰਡਾਂ ਦਾ ਭਾਰੀ ਰੋਲ ਹੁੰਦਾ ਹੈ ਜਿਸ ਵਾਸਤੇ ਮਿਸੀਸਾਗਾ ਵਧਾਈ ਦਾ ਪਾਤਰ ਹੈ। ਜੇ ਅਸੀਂ ਨਿਰਪੱਖਤਾ ਦੇ ਲਿਹਾਜ਼ ਨਾਲ ਵੇਖਿਆ ਜਾਵੇ ਤਾਂ ਬਰੈਂਪਟਨ ਦਾ ਵੀ ਹੱਕ ਬਣਦਾ ਹੈ ਕਿ ਇਸਦੇ ਸੜਕੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਹੀ ਅਨੁਪਾਤ ਵਿੱਚ ਫੈਡਰਲ ਡਾਲਰ ਮੁਹਈਆ ਕੀਤੇ ਜਾਣ।

ਬੱਜਟ ਵਿੱਚ ਗੈਸ ਫੰਡ ਲਈ ਰੱਖੇ ਗਏ ਡਾਲਰਾਂ ਅਤੇ ਮਿਸੀਸਾਗਾ ਨੂੰ ਮਿਲਣ ਵਾਲੀ ਰਾਸ਼ੀ ਦੇ ਲਿਹਾਜ਼ ਨਾਲ ਬਰੈਂਪਟਨ ਨੂੰ ਬੀਤੇ ਸਾਲਾਂ ਵਿੱਚ ਮਿਲਣ ਵਾਲੇ 33 ਮਿਲੀਅਨ ਡਾਲਰਾਂ ਦੇ ਮੁਕਾਬਲੇ 66 ਮਿਲੀਅਨ ਡਾਲਰ ਪ੍ਰਾਪਤ ਹੋਣ ਚਾਹੀਦੇ ਹਨ। ਪਰ ਹਕੀਕਤ ਵਿੱਚ ਸ਼ਹਿਰ ਨੂੰ 49 ਮਿਲੀਅਨ ਡਾਲਰ ਹੀ ਮਿਲਣਗੇ। ਐਮ ਪੀ ਰੂਬੀ ਸਹੋਤਾ ਨੇ ਖੁਦ ਮੰਨਿਆ ਹੈ ਕਿ ਬਰੈਂਪਟਨ ਨੂੰ ਬੁਨਿਆਦੀ ਢਾਂਚੇ ਦਾ ਖੱਪਾ ਪੂਰਾ ਕਰਨ ਲਈ 246 ਮਿਲੀਅਨ ਡਾਲਰ ਹੋਰ ਚਾਹੀਦੇ ਹਨ।

ਫੈਡਰਲ ਗੈਡ ਫੰਡ ਸੱਭ ਤੋਂ ਪਹਿਲਾਂ 2005 ਵਿੱਚ ਐਲਾਨਿਆ ਗਿਆ ਸੀ ਜਿਸ ਤਹਿਤ ਫੈਡਰਲ ਸਰਕਾਰ ਵੱਲੋਂ ਸਾਲਾਨਾ 2 ਬਿਲੀਅਨ ਦੇ ਕਰੀਬ ਡਾਲਰ ਰੱਖੇ ਜਾਂਦੇ ਹਨ ਤਾਂ ਜੋ ਲੋਕਲ ਸਰਕਾਰਾਂ ਭਾਵ ਮਿਉਂਸਪੈਲਟੀਆਂ ਨੂੰ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਲਈ ਹਰ ਸਾਲ ਨਿਯਮਿਤ ਰਾਸ਼ੀ ਮਿਲ ਸਕੇ। ਦਿੱਤੇ ਜਾਣ ਵਾਲੇ ਡਾਲਰਾਂ ਉੱਤੇ ਫੈਡਰਲ ਸਰਕਾਰ ਦੁਆਰਾ ਖਰਚੇ ਬਾਬਤ ਬਹੁਤਾ ਕੰਟਰੋਲ ਨਾ ਕੀਤੇ ਜਾਣ ਕਾਰਣ ਮਿਉਂਸਪੈਲਟੀਆਂ ਕੋਲ ਖੁੱਲ ਹੁੰਦੀ ਹੈ ਕਿ ਉਹ ਸਥਾਨਕ ਲੋੜਾਂ ਨੂੰ ਮੁੱਖ ਰੱਖਕੇ ਯੋਜਨਾਵਾਂ ਉਲੀਕ ਸੱਕਣ। 2011 ਵਿੱਚ ਕੰਜ਼ਰਵੇਟਿਵ ਸਰਕਾਰ ਨੇ ਬਿੱਲ ਪੇਸ਼ ਕਰਕੇ ਇਸ ਫੰਡ ਨੂੰ ਇੱਕ ਪੱਕੀ ਯੋਜਨਾ ਵਿੱਚ ਤਬਦੀਲ ਕਰ ਦਿੱਤਾ ਸੀ।

ਵਰਨਣਯੋਗ ਹੈ ਕਿ ਵੋਟਾਂ ਹਾਸਲ ਕਰਨ ਨੂੰ ਮੁੱਖ ਰੱਖਦੇ ਹੋਏ ਲਿਬਰਲ ਸਰਕਾਰ ਨੇ 2019 ਦੇ ਚੋਣ ਵਰ੍ਹੇ ਵਿੱਚ ਗੈਸ ਫੰਡ ਰਕਮ ਨੂੰ ਦੁੱਗਣਾ ਕਰ ਦਿੱਤਾ ਹੈ। ਪਰ 246 ਮਿਲੀਅਨ ਡਾਲਰਾਂ ਦੇ ਫੰਡ ਘੱਟ ਹੋਣ ਦਾ ਸੰਤਾਪ ਭੁਗਤਣ ਵਾਲੇ ਬਰੈਂਪਟਨ ਨੂੰ ਦੁੱਗਣੇ ਦੀ ਥਾਂ ਤਿੰਨ ਚੌਥਾਈ ਡਾਲਰ ਹੀ ਦਿੱਤੇ ਜਾਣਾ ਸ਼ਹਿਰ ਪ੍ਰਤੀ ਦਿਆਨਤਦਾਰੀ ਦੇ ਸੁਆਲ ਖੜੇ ਕਰਦਾ ਹੈ। ਕੀ ਸਾਡੇ ਲੋਕਲ ਮੈਂਬਰ ਪਾਰਲੀਮੈਂਟ ਇਸ ਸੁਆਲ ਦਾ ਜਵਾਬ ਪ੍ਰਧਾਨ ਮੰਤਰੀ ਕੋਲੋਂ ਮੰਗ ਸੱਕਣਗੇ? ਅਜਿਹਾ ਕਰਨਾ ਬਰੈਂਪਟਨ ਦੀ ਵੱਡੀ ਸੇਵਾ ਹੋਵੇਗਾ ਅਤੇ ਲੋਕਾਂ ਨੂੰ ਐਮ ਪੀਆਂ ਦੀ ਪ੍ਰਤੀਬੱਧਤਾ ਦਾ ਵੀ ਸਬੂਤ ਮਿਲ ਜਾਵੇਗਾ।

## ਪੰਜਾਬੀਆਂ ਦੀ ਟੀਮ 'ਮਾਇਟੀ ਕਿੰਗਜ' ਨੇ 14 ਸਾਲ ਬਾਅਦ ਖਿਤਾਬ ਜਿੱਤ ਕੇ ਰਚਿਆ ਇਤਿਹਾਸ



ਔਕਲੈਂਡ, 27 ਮਾਰ (ਹਰਜਿੰਦਰ ਸਿੰਘ ਬਸਿਆਲਾ): ਕਾਂਉਟੀਸ ਮੈਂਨੁਕਾਉ ਕ੍ਰਿਕਟ ਐਸੋਸ਼ੀਏਸਨ ਵੱਲੋਂ ਕਰਵਾਏ ਜਾਂਦੇ ਸਲਾਨਾ ਇੱਕ ਦਿਨਾਂ ਮਨਚੇਸਟਰ ਸ਼ੀਲਡ ਵਿੱਚ ਪੰਜਾਬੀ ਗੱਭਰੂਆਂ ਦੀ ਟੀਮ '"ਮਾਇਟੀ ਕਿੰਗਜ' ਮੈਂਨੁਕਾਉ ਸਿਟੀ" ਨੇ 14 ਸਾਲ ਬਾਅਦ ਇਤਿਹਾਸ ਰਚ ਦਿੱਤਾ ਅਤੇ ਇਸ ਵਾਰ ਦਾ ਖਿਤਾਬ ਜਿੱਤ ਕੇ ਆਪਣੇ ਨਾਂਅ ਕਰ ਲਿਆ। ਇਸ ਨਾਲ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ । ਕਪਤਾਨ ਕਰਮਿੰਦਰ ਥਿਆਰਾ ਅਤੇ ਉਪ ਕਪਤਾਨ ਜੇ.ਡੀ ਸੰਧੂ ਦੀ ਅਗਵਾਈ ਵਿੱਚ ਇਸ ਟੀਮ ਨੇ ਪੁੱਕੀਕੋਹੀ ਮੈਟਰੋ ਨੂੰ ਫਾਈਨਲ ਵਿੱਚ ਮਾਤ ਦਿੱਤੀ । 'ਸਿਨੀਅਰ 1' ਗਰੇਡ ਦੇ ਇਸ ਮੁਕਾਬਲੇ ਵਿੱਚ ਕੁੱਲ 8 ਟੀਮਾ ਨੇ ਭਾਗ ਲਿਆ। ਮੈਨੁਕਾਊ ਸਿਟੀ ਕਲੱਬ ਦੇ ਗਰਾਂਊਡ "'ਵਾਰ ਮੈਮੋਰੀਅਲ'" ਵਿੱਚ ਪਹਿਲਾਂ ਬੱਲੇਬਾਜੀ ਕਰਦਿਆਂ ਪੁੱਕੀਕੋਹੀ ਮੈਟਰੋ ਨੇ 9 ਵਿਕਟਾਂ ਦੇ ਨੁਕਸਾਨ ਤੇ 50 ਓਵਰਾਂ ਵਿੱਚ 156 ਦੌੜਾਂ ਦਾ ਟੀਚਾ ਰੱਖਿਆ। ਇਸ ਵਿੱਚ ਪੁੱਕੀਕੋਹੀ ਦੇ ਬੱਲੇਬਾਜ ਟਿੱਮ ਕੀਨ ਨੇ ਸ਼ਾਨਦਾਰ ਬੱਲੇਬਾਜੀ ਕਰਦਿਆ 46 ਦੌੜਾਂ ਬਣਾਈਆ ਤੇ ਮਨਕਾਊ ਟੀਮ ਦੇ ਕਪਤਾਨ ਕਰਮਿੰਦਰ ਥਿਆਰਾ ਨੇ 4 ਵਿਕਟਾਂ ਅਤੇ ਗੇਂਦਬਾਜ ਗੁਰਪਿਆਰ ਸਿੰਘ ਨੇ 2 ਵਿਕਟਾਂ ਹਾਸਿਲ ਕੀਤੀਆਂ। ਇਸ ਟੀਚੇ ਦਾ ਪਿੱਛਾ ਕਰਨ ਉੱਤਰੀ ਮਨਕਾਊ ਸਿਟੀ ਦੀ ਟੀਮ ਨੇ ਰੋਹਨ ਭਾਟੀਆ ਨਬਾਦ 57 ਅਤੇ ਮੋਹਿਤ ਠਾਕੁਰ ਨੇ 30 ਦੌੜਾਂ ਦੇ ਸਦਕਾ ਮਨਕਾਊ ਦੀ ਟੀਮ ਨੇ 8 ਵਿਕਟਾਂ ਦੇ ਨੁਕਸਾਨ ਤੇ 43 ਓਵਰਾਂ ਵਿੱਚ ਟੀਚਾ ਹਾਸਿਲ ਕੀਤਾ। ਟੀਮ ਦੇ ਕੋਚ ਮਾਈਕਲ ਹੈਲੀਡੇ, ਮੈਨੇਜਰ ਗੁਰਪਿਆਰ ਸਿੰਘ ਅਤੇ ਜਸਕਰਨ ਸਿੰਘ, ਐਡਮਿਨ ਅਤੇ ਵਿਕਟ ਕੀਪਰ ਵਰਿਦਰਜੀਤ ਸਿੰਘ, ਕਮਲਪ੍ਰੀਤ, ਰਾਜਨਵੀਰ, ਸੁਪਿੰਦਰ, ਸਿਮਰ ਸੈਖੋਂ, ਹਰਪ੍ਰੀਤ ਸਰਾਂ, ਹਰਮਨ ਜਟਾਣਾ, ਜਤਿੰਦਰ, ਰਾਹੁਲ ਗੌਤਮ, ਜਗਤ ਕੁਮਾਰ, ਅਮ੍ਰਿੰਤਪਾਲ ਦੇ ਯੋਗਦਾਨ ਸਦਕਾ ਏਹ ਇਤਿਹਾਸਕ ਜਿੱਤ ਪ੍ਰਾਪਤ ਕੀਤੀ। ਸਮੂਹ ਭਾਈਚਾਰੇ ਨੂੰ ਸ਼ੁਭ ਕਾਮਨਾਵਾਂ।

## ਅਰਦਾਸੀਏ ਵੱਲੋਂ ਸਾਬਕਾ ਮੁੱਖ ਮੰਤਰੀ ਬਾਦਲ ਦੇ ਵਿਰੁਧ ਆਡੀਓ ਸੁਨੇਹਾ ਜਾਰੀ

ਅੰਮ੍ਰਿਤਸਰ, 27 ਮਾਰਚ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਅਰਦਾਸੀਏ ਬਲਬੀਰ ਸਿੰਘ ਨੇ ਪ੍ਰਕਾਸ਼ ਸਿੰਘ ਬਾਦਲ ਦੀ ਤੁਲਨਾ ਵੱਖ-ਵੱਖ ਸਮੇਂ ਦੇ ਸਿੱਖ ਵਿਰੋਧੀਆਂ ਨਾਲ ਕਰਕੇ 32 ਮਿੰਟ ਦੀ ਆਡੀਓ ਸੋਸ਼ਲ ਮੀਡੀਆ 'ਤੇ ਪਾਈ ਹੈ। ਇਹ ਆਡੀਓ ਪੱਤਰਕਾਰਾਂ ਨੂੰ ਭੇਜ ਕੇ ਉਸ ਨੇ ਇਹ ਸੁਨੇਹਾ ਘਰ-ਘਰ ਭੇਜਣ ਨੂੰ ਕਿਹਾ ਹੈ। ਇਸ ਆਡੀਓ ਵਿੱਚ ਇਕ-ਇਕ ਸ਼ਬਦ ਸਾਬਕਾ ਮੁੱਖ ਮੰਤਰੀ ਬਾਦਲ ਦੇ ਖਿਲਾਫ ਹੈ ਜੋ ਸਿੱਖ ਵਿਰੋਧੀ ਹੋਣ ਦੀ ਤੁਲਨਾ ਨਾਲ ਸਾਹਮਣੇ ਆਉਂਦਾ ਹੈ। ਅਰਦਾਸੀਏ ਬਲਬੀਰ ਸਿੰਘ ਨੇ ਕਿਹਾ ਕਿ ਬਾਦਲ ਨੇ ਰਾਜ ਭੋਗਣ ਲਈ ਸਿੱਖ ਸਮਾਜ ਦੇ ਵਿਰੋਧ ਵਿੱਚ ਹਰ ਉਹ ਕਦਮ ਚੁੱਕਿਆ ਹੈ, ਜਿਸ ਨਾਲ ਪੰਥ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇਣ, ਬਾਦਲ ਦੇ ਰਾਜ ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀਆਂ ਤੇ ਇਨਸਾਫ ਲਈ ਸਿੱਖਾਂ ਦੇ ਸ਼ਾਂਤਮਈ ਰੋਸ ਧਰਨੇ ਉਪਰ ਗੋਲੀਆਂ ਚੱਲਾ ਕੇ ਦੋ ਨੌਜਵਾਨਾਂ ਨੂੰ ਮਾਰਿਆ ਗਿਆ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਦੇ ਰੋਸ ਕਾਰਨ ਜਦੋਂ ਉਹ ਹਰਿਮੰਦਰ ਸਾਹਿਬ ਵਿਖੇ 20 ਜਨਵਰੀ 2016 ਨੂੰ ਡਿਊਟੀ ਉਤੇ ਮੌਜੂਦ ਸੀ ਤੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਏ ਸਨ ਤਾਂ ਉਨ੍ਹਾਂ ਨੇ ਸਿਰੋਪਾਓ ਦੇਣ ਤੋਂ ਨਾਂਹ ਕੀਤੀ ਸੀ, ਜਿਸ ਦਾ ਖਮਿਆਜ਼ਾ ਵੀ ਉਨ੍ਹਾਂ ਨੂੰ ਭੁਗਤਣਾ ਪਿਆ ਸੀ।

## ਹਾਈਵੇਅ ਇਨਫਰਾਸਟ੍ਰਕਚਰ ਉੱਤੇ 1.3 ਬਿਲੀਅਨ ਡਾਲਰ ਨਿਵੇਸ਼ ਕਰੇਗਾ ਓਨਟਾਰੀਓ

...ਪੰਨਾ 1 ਦਾ ਬਾਕੀ

ਟਰਾਂਸਪੋਰਟੇਸ਼ਨ ਮੰਤਰੀ ਜੈੱਫ ਯੂਰੇਕ ਨੇ ਉਨ੍ਹਾਂ ਪ੍ਰੋਜੈਕਟਾਂ ਲਈ ਫੰਡਾਂ ਦਾ ਐਲਾਨ ਕੀਤਾ ਜਿਹੜੇ ਓਨਟਾਰੀਓ ਦੀ ਉਸਾਰੀ ਸਬੰਧੀ ਇੰਡਸਟਰੀ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨਗੇ ਤੇ ਸਾਡੇ ਹਾਈਵੇਅਜ਼ ਨੂੰ ਸੁਰੱਖਿਅਤ ਤੇ ਟਿਕਾਊ ਰੱਖਣਗੇ। ਇਸ ਨਾਲ ਓਨਟਾਰੀਓ ਕੋਲ ਅਜਿਹਾ ਟਰਾਂਸਪੋਰਟੇਸ਼ਨ ਨੈੱਟਵਰਕ ਹੋਵੇਗਾ ਜਿਹੜਾ ਰੋਜ਼ਗਾਰ ਦੇ ਮੌਕੇ ਤਿਆਰ ਕਰਨ, ਨਿਵੇਸ਼ ਤੇ ਪ੍ਰੋਵਿੰਸ ਭਰ ਵਿੱਚ ਵਪਾਰ ਨੂੰ ਹੱਲਾਸ਼ੇਰੀ ਦੇਵੇਗਾ।
ਯੂਰੇਕ ਨੇ ਆਖਿਆ ਕਿ ਸਾਡੀ ਸਰਕਾਰ ਕਾਰੋਬਾਰ ਲਈ ਤੇ ਰੋਜ਼ਗਾਰ ਲਈ ਹਰ ਪੱਖ ਖੁੱਲ੍ਹਾ ਰੱਖ ਕੇ ਚੱਲਣ ਪ੍ਰਤੀ ਵਚਨਬੱਧ ਹੈ। ਅਸੀਂ ਆਪਣੇ ਟਰਾਂਸਪੋਰਟੇਸ਼ਨ ਇਨਫਰਾਸਟ੍ਰਕਚਰ ਵਿੱਚ ਸੁਧਾਰ ਕਰਨ ਤੇ ਸਾਡੀ ਕੰਸਟ੍ਰਕਸ਼ਨ ਇੰਡਸਟਰੀ ਲਈ ਰੋਜ਼ਗਾਰ ਦੇ ਚੰਗੇ ਮੌਕੇ ਪੈਦਾ ਕਰਨ ਲਈ ਦ੍ਰਿੜ ਇਰਾਦਾ ਰੱਖਦੇ ਹਾਂ। ਅੱਜ ਵਾਲੇ ਐਲਾਨ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਸਰਕਾਰ ਪ੍ਰੋਵਿੰਸ ਭਰ ਵਿੱਚ 123 ਰੀਹੈਬਲੀਟੇਸ਼ਨ ਪ੍ਰੋਜੈਕਟਸ ਉੱਤੇ ਕੰਮ ਕਰਨ ਦੀ ਯੋਜਨਾ ਬਣਾ ਰਹੀ ਹੈ।
ਇਸ ਦੌਰਾਨ ਓਨਟਾਰੀਓ ਰੋਡ ਬਿਲਡਰਜ਼ ਐਸੋਸਿਏਸ਼ਨ (ਓਆਰਬੀਏ) ਦੇ ਪ੍ਰਧਾਨ ਸਟੀਵ ਸਮਿੱਥ ਨੇ ਆਖਿਆ ਕਿ ਪ੍ਰੋਵਿੰਸ ਭਰ ਵਿੱਚ ਪ੍ਰੋਵਿੰਸ਼ੀਅਲ ਤੇ ਮਿਉਂਸਪਲ ਰੋਡਜ਼, ਪੁਲਾਂ ਤੇ ਟਰਾਂਸਪੋਰਟੇਸ਼ਨ ਇਨਫਰਾਸਟ੍ਰਕਚਰ ਦਾ ਨਿਰਮਾਣ ਆਮ ਤੌਰ ਉੱਤੇ ਓਆਰਬੀਏ ਦੇ ਮੈਂਬਰਾਂ ਵੱਲੋਂ ਹੀ ਕੀਤਾ ਜਾਂਦਾ ਹੈ। ਰੋਡ ਬਿਲਡਿੰਗ ਸੈਕਟਰ ਕੰਮ ਵਿੱਚ ਤੇਜ਼ੀ ਵਾਲੇ ਸੀਜ਼ਨ ਵਿੱਚ 30,000 ਕਾਮਿਆਂ ਨੂੰ ਸਿੱਧੇ ਤੌਰ ਉੱਤੇ ਰੋਜ਼ਗਾਰ ਦਿੰਦਾ ਹੈ। ਓਆਰਬੀਏ ਦੇ ਚੀਫ ਆਪਰੇਟਿੰਗ ਆਫੀਸਰ ਬ੍ਰਾਇਨ ਹੌਕਿੰਗ ਨੇ ਆਖਿਆ ਕਿ ਅੱਜ ਵਾਲੇ ਐਲਾਨ ਨਾਲ ਸਾਨੂੰ ਕਮਿਊਨਿਟੀਜ਼ ਨੂੰ ਆਪਸ ਵਿੱਚ ਜੋੜਨ ਤੇ ਉਨ੍ਹਾਂ ਦੀ ਪ੍ਰੋਡਕਟਿਵਿਟੀ ਵਧਾਉਣ ਲਈ ਕੰਮ ਕਰਨਾ ਜਾਰੀ ਰੱਖਣ ਵਿੱਚ ਮਦਦ ਮਿਲੇਗੀ।

## ਕਮਿਸਨਰ ਫਰੀਦਕੋਟ ਡਿਵੀਜ਼ਨ ਵੱਲੋਂ ਫਰੀਦਕੋਟ, ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ

### ਚੋਣ ਪ੍ਰਬੰਧਾਂ ਦਾ ਜਾਇਜ਼ਾ ਲਿਆ



ਫਰੀਦਕੋਟ, 27 ਮਾਰਚ (ਗਿਆਨ ਸਿੰਘ) ਡਿਵੀਜ਼ਨਲ ਕਮਿਸ਼ਨਰ ਫਰੀਦਕੋਟ ਸ: ਹਰਜੀਤ ਸਿੰਘ ਨੇ ਫਰੀਦਕੋਟ ਡਵੀਜ਼ਨ ਅਧੀਨ ਪੈਂਦੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਉਹ ਲੋਕ ਸਭਾ ਚੋਣਾਂ ਦੌਰਾਨ ਆਦਰਸ਼ ਚੋਣ ਜ਼ਾਬਤੇ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਉਣ ਲਈ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸ਼ਖਤ ਕਾਰਵਾਈ ਯਕੀਨੀ ਬਣਾਉਣ। ਇੱਥੇ ਸਥਾਨਕ ਸਰਕਟ ਹਾਊਸ ਵਿਖੇ ਫਰੀਦਕੋਟ, ਬਠਿੰਡਾ ਅਤੇ ਮਾਨਸਾ ਦੇ ਡਿਪਟੀ ਕਮਿਸ਼ਨਰਾਂ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਡਵੀਜ਼ਨਲ ਕਮਿਸ਼ਨ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਿਕ ਜਿਲ੍ਹਾ ਚੋਣ ਅਧਿਕਾਰੀ ਆਪੋ ਆਪਣੇ ਜ਼ਿਲ੍ਹਿਆਂ ਵਿਚ ਅਦਾਰਸ਼ ਚੋਣ ਜ਼ਾਬਤਾ ਸਖਤੀ ਨਾਲ ਲਾਗੂ ਕਰਨ ਦੇ ਪਾਬੰਦ ਹਨ । ਉਨ੍ਹਾਂ ਕਿਹਾ ਕਿ ਚੋਣ ਜ਼ਾਬਤੇ ਦੌਰਾਨ ਪ੍ਰਚਾਰ ਸਮੱਗਰੀ ਦੀ ਛਪਾਈ ਆਦਿ ਬਾਰੇ ਤਿੱਖੀ ਨਿਗਰਾਨੀ ਲਈ ਪ੍ਰਿਟਿੰਗ ਪ੍ਰੈਸਾਂ ਦੇ ਮਾਲਕਾਂ ਅਤੇ ਅਜਿਹੇ ਹੋਰਨਾਂ ਅਦਾਰਿਆਂ ਨਾਲ ਲਗਾਤਾਰ ਰਾਬਤਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਵੋਟਰਾਂ ਦੀ ਸਹੂਲਤ ਲਈ ਸ਼ੁਰੂ ਕੀਤੀ ਸੀ ਵਿਜਲ ਐਪ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਣੂ ਕਰਵ-ਾਇਆ ਜਾਵੇ ਅਤੇ ਚੋਣ ਡਿਊਟੀ ਤੇ ਤਾਇਨਾਤ ਅਮਲੇ ਨੂੰ ਵੀ ਇਸ ਉਪਰ ਪ੍ਰਾਪਾਤ ਸ਼ਿਕਾਇਤਾਂ ਅਤੇ ਉਨ੍ਹਾਂ ਸ਼ਿਕਾਇਤਾਂ ਤੇ ਕੀਤੀ ਕਾਰਵਾਈ ਬਾਰੇ ਸ਼ਿਕਾਇਤਕਰਤਾ ਨੂੰ ਜਾਣੂ ਕਰਵਾਉਣ ਬਾਰੇ ਸਿਖਲਾਈ ਦਿੱਤੀ ਜਾਵੇ । ਇਸ ਮੌਕੇ ਡਿਪਟੀ ਕਮਿਸ਼ਨਰ ਫਰੀਦਕੋਟ ਗੁਰਲਵਲੀਨ ਸਿੰਘ ਸਿੱਧੂ, ਡਿਪਟੀ ਕਮਿਸ਼ਨਰ ਬਠਿੰਡਾ ਪਰਨੀਤ ਭਾਰਤਵਾਜ, ਡਿਪਟੀ ਕਮਿਸ਼ਨਰ ਮਾਨਸਾ ਮੈਡਮ ਅਪਨੀਤ ਰਿਆਤ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੇ ਆਪਣੇ ਜਿਲ੍ਹੇ ਵਿੱਚ ਚੋਣਾਂ ਨਾਲ ਸਬੰਧਤ ਸਾਰੀਆਂ ਤਿਆਰੀਆਂ ਮੁਕੰਮਲ ਕੀਤੀਆਂ ਗਈਆਂ ਹਨ ਅਤੇ ਯਕੀਨ ਦਵਾਇਆ ਕਿ ਚੋਣ ਕਮਿਸ਼ਨ ਦੀਆਂ ਚੋਣ ਜ਼ਾਬਤੇ ਨਾਲ ਸਬੰਧਤ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ।

## ਨਸ਼ਿਆਂ ਦੇ ਖ਼ਿਲਾਫ਼ ਜਾਗਰੂਕਤਾ ਲਈ 31 ਮਾਰਚ ਨੂੰ ਨਹਿਰੂ ਸਟੇਡੀਮਅ ਤੋਂ ਸ਼ੁਰੂ ਹੋਵੇਗੀ ਮੈਰਾਥਨ : ਡੀ.ਸੀ.

ਫਰੀਦਕੋਟ, 27 ਮਾਰਚ (ਗਿਆਨ ਸਿੰਘ): "ਜਨ ਜਨ ਜਗਾਉਣਾ ਹੈ ਮਤਦਾਨ ਕਰਵਾਉਣਾ ਹੈ " ਵੋਟ ਦੇ ਸੰਵਿਧਾਨਕ ਹੱਕ ਅਤੇ ਨਸ਼ਿਆਂ ਦੇ ਖ਼ਿਲਾਫ਼ ਜਾਗਰੂਕਤਾ ਲਈ 31 ਮਾਰਚ, 2019 ਨੂੰ ਨਹਿਰੂ ਸਟੇਡੀਅਮ ਫਰੀਦਕੋਟ ਤੋਂ ਮੈਰਾਥਨ ਦੌੜ ਦਾ ਆਯੋਜਨ ਕੀਤਾ ਜਾਵੇਗਾ।

ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ: ਗੁਰਲਵਲੀਨ ਸਿੰਘ ਸਿੱਧੂ ਵੱਲੋਂ ਮੈਰਾਥਨ ਦੌੜ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜਾ ਲੈਣ ਉਪਰੰਤ ਦਿੱਤੀ । ਉਨਾਂ ਦੱਸਿਆ ਕਿ ਇਹ ਮੈਰਾਥਨ ਦੌੜ ਲਗਭੱਗ ਸਵੇਰੇ 8 ਵਜੇ ਨਹਿਰੂ ਸਟੇਡੀਮ ਦੇ ਗੇਟ ਨੰਬਰ 3 ਤੋਂ ਸ਼ੁਰੂ ਹੋਵੇਗੀ। 5 ਕਿਲੋਮੀਟਰ ਦੀ ਦੌੜ ਸ਼ਹਿਰ ਦੇ ਮੁੱਖ ਮਾਰਗ ਅਮਰ ਪੈਲੇਸ, ਕੰਮੇਆਣਾ ਚੌਂਕ, ਮਹਾਤਮਾ ਗਾਂਧੀ ਸਕੂਲ , ਬੱਸ ਸਟੈਂਡ ਤੋਂ ਹੁੰਦੀ ਹੋਈ ਨਹਿਰੂ ਸਟੇਡੀਅਮ ਫਰੀਦਕੋਟ ਦੇ ਗੇਟ ਨੰਬਰ 4 ਤੋਂ ਦਾਖਲ ਹੁੰਦੀ ਹੋਈ ਟਰੈਕ ਦਾ ਇਕ ਚੱਕਰ ਲਗਾਉਣ ਉਪਰੰਤ ਦੌੜ ਸਮਾਪਤ ਹੋ ਜਾਵੇਗੀ। ਉਨਾਂ ਦੱਸਿਆ ਕਿ ਇਸ ਮੈਰਾਥਨ ਵਿੱਚ ਜ਼ਿਲੇ ਦੇ ਨਾਮਵਰ ਖਿਡਾਰੀਆਂ ਸਮੇਤ ਲਗਭੱਗ 1300 ਵਿਅਕਤੀ ਭਾਗ ਲੈਣਗੇ। ਉਨਾਂ ਦੱਸਿਆ ਕਿ ਇਹ ਦੌੜ ਸਰੀਰਕ ਤੰਦਰੁਸਤੀ ਦੇ ਨਾਲ ਸਵੀਪ ਪ੍ਰੋਗਰਾਮ ਨੂੰ ਵੀ ਸਮਰਪਿਤ ਹੋਵੇਗੀ ਅਤੇ ਲੋਕਾਂ ਨੂੰ ਟੀ.ਸ਼ਰਟਾਂ 'ਤੇ ਨਾਅਰਿਆਂ ਰਾਹੀਂ ਵੋਟ ਦੀ ਅਹਿਮੀਅਤ ਬਾਰੇ ਵੀ ਜਾਗਰੂਕ ਕੀਤਾ ਜਾਵੇਗਾ, ਤਾਂ ਜੋ 19 ਮਈ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਹਰ ਯੋਗ ਨਾਗਰਿਕ ਆਪਣੀ ਵੋਟ ਦਾ ਇਸਤੇਮਾਲ ਕਰਕੇ ਆਪਣੇ ਮਨਪਸੰਦ ਉਮੀਦਵਾਰ ਦੀ ਚੋਣ ਕਰ ਸਕੇ। ਉਨਾਂ ਜ਼ਿਲੇ ਦੇ ਹਰ ਉਮਰ ਤੇ ਹਰ ਵਰਗ ਦੇ ਵਸਨੀਕਾਂ ਨੂੰ ਜ਼ਿਲਾ ਪ੍ਰਸ਼ਾਸਨ ਅਤੇ ਖੇਡ ਵਿਭਾਗ ਵੱਲੋਂ ਕੀਤੇ ਜਾ ਰਹ ਉਪਰਾਲੇ ਵਿੱਚ ਵੋਟ ਦੇ ਸੰਵਿਧਾਨਕ ਹੱਕ ਅਤੇ ਸਿਹਤ ਪ੍ਰਤੀ ਜਾਗਰੂਕ ਹੋਣ ਲਈ ਹੁੰਮ-ਹੁਮਾ ਕੇ ਪੁੱਜਣ ਦੀ ਅਪੀਲ ਕੀਤੀ।

Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਲੋਕ ਜੰਗ ਨਹੀਂ ਅਮਨ ਚਾਹੁੰਦੇ ਨੇ

ਕੋਈ ਵੀ ਮਾਂ- ਬਾਪ ਨਹੀਂ ਚਾਹੁੰਦਾ ਕਿ ਉਹਨਾਂ ਦਾ ਪੁੱਤਰ ਜੰਗ ਦੀ ਭੱਠੀ ਦਾ ਬਾਲਣ ਬਣੇ,ਹਰ ਫੌਜੀ ਦੀ ਪਤਨੀ ਆਪਣੇ ਸੁਹਾਗ ਦੀ ਖੈਰ ਮੰਗਦੀ ਹੈ ਤੇ ਓਸਦੇ ਬੱਚੇ ਆਪਣੇ ਪਾਪਾ ਦੇ ਸੁੱਖੀਂ ਸਾਂਦੀ ਘਰ ਛੁੱਟੀ ਆਓਣ ਤੇ ਓਹਨਾਂ ਲਈ ਖਿਡੌਣੇ,ਸੁਗਾਤਾਂ ਤੇ ਰੱਜਵਾਂ ਪਿਆਰ ਲੈ ਕੈ ਆਓਣ ਦੀ ਸਾਲ ਭਰ ਓਡੀਕ ਕਰਦੇ ਹਨ।ਓਹ ਮਾਸੂਮ ਹਰ ਰੋਜ਼ ਨਿੱਕੇ-ਨਿੱਕੇ ਹੱਥ ਜੋੜ ਆਪਣੇ ਬਾਪ ਦੀ ਸਲਾਮਤੀ ਲਈ ਅਰਦਾਸ ਕਰਦੇ ਹਨ ਤੇ ਉਸਦੀ ਭੈਣ ਆਪਣੇ ਵੀਰ ਨੂੰ ਰੱਖੜੀ ਬੰਨਣ ਲਈ ਸਾਰਾ ਸਾਲ ਤਰਸਦੀ ਰਹਿੰਦੀ ਹੈ।ਸਰਹੱਦ ਦੇ ਓਸ ਪਾਰ ਜਾਂ ਏਸ ਪਾਰ ਲੋਕ ਕਦੇ ਵੀ ਜੰਗ ਨਹੀਂ ਚਾਹੁੰਦੇ ਉਹ ਤਾਂ ਚਾਹੁੰਦੇ ਹਨ ਕਿ ਸਾਂਤੀ ਹੋਵੇ ਉਹਨਾਂ ਲਈ ਰੁਜ਼ਗਾਰ ਹੋਵੇ,ਖੁਸ਼ੀਆਂ ਭਰਿਆ ਘਰ-ਬਾਰ ਹੋਵੇ, ਗਰੀਬੀ, ਭੁੱਖ, ਅਨਪੜ੍ਹਤਾ ਦਾ ਖਾਤਮਾਂ ਹੋਵੇ,ਘਰਾਂ ਵਿੱਚ ਬੱਚਿਆਂ ਦੀਆਂ ਕਿਲਕਾਰੀਆਂ ਹੋਣ,ਖੁਸ਼ੀ ਵਿੱਚ ਚੀਕ-ਚਿਹਾੜਾ ਹੋਵੇ,ਰੌਲਾ-ਰੱਪਾ ਹੋਵੇ,ਪਿਆਰ ਦੇ ਨਵੇਂ ਪਲ ਓਸਰਨ ਤੇ ਮੋਹ ਦੀਆਂ ਤੰਦਾਂ ਕਦੇ ਨਾ ਟੁੱਟਣ। ਜੰਗ ਤਾਂ ਮਨੁੱਖਤਾ ਦੇ ਮੱਥੇ ਤੇ ਲੱਗੇ ਜੁੰਗਬਾਜ ਹਥਿਆਰਾਂ ਦਾ ਕਲੰਕ ਹੈ ਜੋ ਕਦੀ ਦੇਸ਼ ਭਗਤੀ ਤੇ ਕਦੀ ਜੇਹਾਦ ਦੇ ਨਾਅਰੇ ਲਗਾਉਂਦੇ ਹਨ ।ਓਹ ਲੋਕਾਂ ਨੂੰ ਪਤਾ ਹੀ ਨਹੀਂ ਲੱਗਣ ਦਿੰਦੇ ਕਿ ਕਿਵੇਂ ਓਹ ਓਹਨਾਂ ਦੇ ਲਹੂ ਵਿੱਚ ਨਹਾਉਦੇ ਹਨ ਜੋ ਜੰਗ ਨੂੰ ਹਵਾ ਦਿੰਦੇ ਹਨ ਅਮਨ ਨੂੰ ਅੱਗ ਲਾਉਂਦੇ ਹਨ।ਓਹਨਾਂ ਦੇ ਆਪਣੇ ਪੁੱਤਰ ਕਦੀ ਜੰਗ ਵਿੱਚ ਨਹੀ ਲੜਦੇ ਕਦੀਂ ਜੰਗ ਵਿੱਚ ਨਹੀਂ ਮਰਦੇ ।ਲੋਕਾਂ ਦੇ ਘਰਾਂ ਵਿੱਚ ਪੈਦਾ ਵੈਣਾਂ ਦਾ ਦਰਦ ਓਹਨਾਂ ਨੂੰ ਕਦੀਂ ਮਹਿਸੂਸ ਨਹੀਂ ਹੁੰਦਾ,ਉਹ ਤਾਂ ਫੌਜੀ ਵਿਧਵਾਵਾਂ ਨੂੰ ਚੈੱਕ ਦੇ ਕੇ ਮੁਸਕਰਾ ਕੇ ਫੋਟੋ ਖਿਚਵਾਉਣਾਂ ਜਾਣਦੇ ਹਨ । ਓਹਨਾਂ ਨੂੰ ਕੀ ਪਤਾ ਇਕ ਫੌਜੀ ਦੇ ਜੰਗ ਵਿੱਚ ਮਰ ਜਾਣ ਤੇ ਉਸਨੂੰ ਸ਼ਹੀਦ ਆਖਣ ਨਾਲ ਉਸਦੇ ਪਰਿਵਾਰ ਦਾ ਵਰਤਮਾਨ ਤੇ ਭਵਿੱਖ ਹਨੇਰੇ ਤੋਂ ਕਦੀ ਵੀ ਰੋਸ਼ਨ ਨਹੀਂ ਹੁੰਦਾ । ਲੋਕ ਕਦੇ ਵੀ ਜੰਗ ਨਹੀਂ ਚਾਹੁੰਦੇ ਉਹ ਤਾਂ ਅਮਨ ਚਾਹੁੰਦੇ ਹਨ ਸਾਂਤੀ ਚਾਹੁੰਦੇ ਹਨ ਭਾਈਚਾਰਾ ਚਾਹੁੰਦੇ ਹਨ ਏਕਤਾ ਚਾਹੁੰਦੇ ਹਨ ਸਾਰਿਆ ਨਾਲ ਇਕੱਠੇ ਮਿਲ ਜੁਲ ਕੇ ਰਹਿਣਾ ਚਾਹੁੰਦੇ ਹਨ ।ਪਰ ਇਹ ਭਾਈਚਾਰਾ,ਅਮਨ ,ਸਾਂਤੀ, ਏਕਤਾ,ਪਿਆਰ,ਮੇਲ-ਮਿਲਾਪ ਕਦੋਂ ਹੋਵੇਗਾ ਆਖਿਰ ਕਦੋਂ ?

ਹਰਜਿੰਦਰ ਕੌਰ ਤੂਰ ਦੱਦਾਹੂਰ
6475282715'

## ਬ੍ਰੈਗਜ਼ਿਟ ਦੀ ਪ੍ਰਕਿਰਿਆ ਪੂਰੀ ਹੋਣ ਨੂੰ ਅਜੇ ਇਕ ਹੋਰ ਸਾਲ ਲੱਗ ਜਾਣਾ ਜਾਪਦੈ

ਮਾਸਕੋ, 27 ਮਾਰਚ, (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ)ਤੋਂ ਬ੍ਰਿਟੇਨ ਦੇ ਵੱਖ ਹੋਣ ਦੀ ਪ੍ਰਕਿਰਿਆ (ਬ੍ਰੈਗਜ਼ਿਟ) ਨੂੰ ਸਿਰੇ ਚੜ੍ਹਨ ਵਿੱਚ ਇੱਕ ਹੋਰ ਸਾਲ ਦੇ ਕਰੀਬ ਸਮਾਂ ਲੱਗ ਸਕਦਾ ਹੈ।
ਇਸ ਸੰਬੰਧ ਵਿੱਚ ਬ੍ਰਿਟੇਨ ਦੇ ਸਥਾਨਕ ਮੀਡੀਆ ਰਿਪੋਰਟ ਨੇ ਈਯੂ ਦਸਤਾਵੇਜ਼ਾਂ ਦੇ ਹਵਾਲੇ ਨਾਲ ਸਪੱਸ਼ਟ ਕਰ ਦਿੱਤਾ ਹੈ ਕਿ ਬ੍ਰੈਗਜ਼ਿਟ ਦੀ ਪ੍ਰਕਿਰਿਆ ਇਕ ਅਪ੍ਰੈਲ 2020 ਪੂਰੀ ਹੋਣ ਤੱਕ ਦਾ ਇੱਕ ਸਾਲ ਲੱਗ ਸਕਦਾ ਹੈ।ਬ੍ਰਿਟੇਨ ਦੇ ਅਖਬਾਰ 'ਦ ਗਾਰਡੀਅਨ' ਮੁਤਾਬਕ ਬੀਤੇ ਹਫਤੇ ਬ੍ਰਿਟੇਨ ਅਤੇ ਯੂਰਪੀ ਯੂਨੀਅਨ ਵਿਚਾਲੇ ਸਿਖਰ ਸੰਮੇਲਨ ਵਿੱਚ ਯੂਰਪੀ ਯੂਨੀਅਨ ਨੇ ਬ੍ਰੈਗਜ਼ਿਟ ਦੀ ਨਵੀਂ ਤਰੀਕ ਲਈ ਸੁਝਾਅ ਦਿੱਤਾ ਸੀ, ਜਿਹੜਾ ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੇਰੇਸਾ ਮੇਅ ਦੀ ਉਸ ਬੇਨਤੀ ਕਾਰਨ ਦਿੱਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਨੂੰ ਬ੍ਰੈਗਜ਼ਿਟ ਦੇ ਦੋ ਸੁਝਾਵਾਂ ਦੀ ਗੱਲ ਕਹੀ ਗਈ ਸੀ। ਸਿਖਰਲੀ ਬੈਠਕ ਦੌਰਾਨ ਥੇਰੇਸਾ ਮੇਅ ਨੇ ਬ੍ਰੈਗਜ਼ਿਟ ਦੇ ਸਿਰਫ ਥੋੜ੍ਹ-ਚਿਰੇ ਸੁਝਾਅਦੀ ਅਪੀਲ ਕੀਤੀ ਸੀ ਕਿ ਬ੍ਰੈਗਜ਼ਿਟ ਦੇ ਮੁੱਦੇ ਤੋਂ ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਜੇ ਇਸ ਹਫਤੇ ਮਤਾ ਪਾਸ ਹੋ ਜਾਵੇ ਤਾਂ ਉਸ ਨੂੰ 22 ਮਈ ਨੂੰ ਯੂਰਪੀ ਯੂਨੀਅਨ ਤੋਂ ਵੱਖ ਹੋਣਾ ਹੋਵੇਗਾ। ਜੇਪਾਰਲੀਮੈਂਟ ਵਿੱਚ ਬ੍ਰੈਗਜ਼ਿਟ ਮਤਾ ਪਾਸ ਨਹੀਂ ਹੁੰਦਾ ਤਾਂ 12 ਅਪ੍ਰੈਲ ਤੱਕ ਬ੍ਰਿਟੇਨ ਨੂੰ ਯੂਰਪੀ ਯੂਨੀਅਨ ਤੋਂ ਵੱਖ ਹੋਣਾ ਹੋਵੇਗਾ।ਬ੍ਰੈਗਜ਼ਿਟ ਬਾਰੇ ਗੱਲਬਾਤ ਉੱਤੇ ਯੂਰਪੀ ਯੂਨੀਅਨਅਤੇ ਬ੍ਰਿਟੇਨ ਵਿਚਾਲੇ ਵਿਰੋਧ ਬਣਿਆ ਹੋਇਆ ਹੈ। ਬ੍ਰਿਟੇਨ ਦੀ ਪਾਰਲੀਮੈਂਟ ਨੇ ਬ੍ਰੈਗਜ਼ਿਟ ਦਾ ਮੌਜੂਦਾ ਸਮਝੌਤੇ ਨੂੰ ਪਾਸ ਕਰਨ ਤੋਂਨਾਂਹ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਬ੍ਰੈਗਜ਼ਿਟ ਦੇ ਤਹਿਤ ਬ੍ਰਿਟੇਨ ਨੇ 29 ਮਾਰਚ ਤੱਕ ਯੂਰਪੀ ਯੂਨੀਅਨਤੋਂ ਵੱਖ ਹੋ ਜਾਣਾ ਸੀ, ਪਰ ਬ੍ਰੈਗਜ਼ਿਟ ਬਾਰੇ ਆਮ ਰਾਏ ਨਾ ਬਣਨ ਕਾਰਨ ਇਸ ਵਿੱਚ ਦੇਰੀ ਹੋ ਰਹੀ ਹੈ।










# ਬੱਜਟ 2019 ਵਿਚ ਕੈਨੇਡਾ-ਵਾਸੀਆਂ ਲਈ ਸੁਰੱਖਿਅਤ ਤੇ ਸਨਮਾਨਯੋਗ ਸੇਵਾ-ਮੁਕਤੀ : ਰੂਬੀ ਸਹੋਤਾ

ਬਰੈਂਪਟਨ, -ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਇਹ ਭਲੀ-ਭਾਂਤ ਜਾਣਦੀ ਹੈ ਕਿ ਸਾਡੇ ਸੀਨੀਅਰਜ਼ ਨੇ ਜੀਵਨ-ਭਰ ਸਖ਼ਤ ਮਿਹਨਤ ਨਾਲ ਕਮਾਈ ਕਰਕੇ ਕੈਨੇਡਾ ਦੀਆਂ ਵੱਖ-ਵੱਖ ਕਮਿਊਨਿਟੀਆਂ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਉਨ੍ਹਾਂ ਕੋਲ ਗਿਆਨ, ਤਜਰਬੇ ਅਤੇ ਸਕਿੱਲਜ਼ ਦਾ ਅਣਮੁੱਲਾ ਖ਼ਜ਼ਾਨਾ ਹੈ ਜੋ ਉਹ ਹੁਣ ਆਪਣੀ ਕਮਿਊਨਿਟੀ ਅੱਗੋਂ ਸਹਿਜੇ ਹੀ ਪ੍ਰਦਾਨ ਕਰ ਸਕਦੇ ਹਨ। ਬੱਜਟ-2019 ਦੀਆਂ ਵਿਸ਼ੇਸ਼ਤਾਵਾਂ ਬਰੈਂਪਟਨ-ਵਾਸੀਆਂ ਦੇ ਨਾਲ ਸਾਂਝੀਆਂ ਕਰਨ ਸਮੇਂ ਉਨ੍ਹਾਂ ਨੇ ਨਾਲ ਸੀਨੀਅਰਜ਼ ਨਾਲ ਸਬੰਧਿਤ ਮਸਲਿਆਂ ਬਾਰੇ ਮੰਤਰੀ ਮਾਣਯੋਗ ਫ਼ਿਲੋਮੇਨਾ ਤਾਸੀ ਵੀ ਸ਼ਾਮਲ ਸਨ ਅਤੇ ਉਨ੍ਹਾਂ ਦੋਹਾਂ ਨੇ ਮਿਲ ਕੇ ਇਸ ਬੱਜਟ ਵਿਚ ਮਿਡਲ-ਕਲਾਸ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਲਈ ਪੂੰਜੀ-ਨਿਵੇਸ਼ ਬਾਰੇ ਜਾਣਕਾਰੀ ਸਾਂਝੀ ਕੀਤੀ। ਬੱਜਟ ਵਿਚ ਵਿਸਥਾਰ-ਪੂਰਵਕ ਦੱਸਿਆ ਗਿਆ ਹੈ ਕਿ ਸਰਕਾਰ ਕੈਨੇਡਾ ਦੇ ਅਰਥਚਾਰੇ ਨੂੰ ਹੋਰ ਅੱਗੇ ਲਿਜਾਣ ਲਈ ਮਿਡਲ ਕਲਾਸ ਨੂੰ ਦਿੱਤਾ ਜਾਣ ਵਾਲਾ ਲਾਭ ਦੇਣਾ ਯਕੀਨੀ ਬਣਾਏਗੀ।

ਇਸ ਮੌਕੇ ਬੋਲਦਿਆਂ ਮਾਣਯੋਗ ਮੰਤਰੀ ਅਤੇ ਐੱਮ.ਪੀ. ਰੂਬੀ ਸਹੋਤਾ ਨੇ ਦੱਸਿਆ ਕਿ ਇਸ ਬੱਜਟ ਵਿਚ ਨਿਵੇਸ਼ ਕੀਤੀ ਜਾ ਰਹੀ ਪੂੰਜੀ ਸੀਨੀਅਰਜ਼ ਵੱਲੋਂ ਸਮਾਜ ਵਿਚ ਪਾਏ ਜਾ ਰਹੇ ਐਕਟਿਵ ਯੋਗਦਾਨ ਨੂੰ ਕਿਵੇਂ ਮਾਨਤਾ ਦੇਵੇਗੀ ਅਤੇ ਕੈਨੇਡਾ-ਵਾਸੀਆਂ ਦੀ ਰਿਟਾਇਰਮੈਂਟ ਨੂੰ ਸੁਰੱਖਿਅਤ ਬਨਾਉਣ ਲਈ ਉਪਰਾਲੇ ਕਰੇਗੀ ਤਾਂ ਜੋ ਉਹ ਆਪਣੇ ਜੀਵਨ ਵਿਚ ਸਖ਼ਤ ਮਿਹਨਤ ਕਰਨ ਤੋਂ ਬਾਅਦ ਸੇਵਾ-ਮੁਕਤੀ ਦਾ ਆਪਣਾ ਸਮਾਂ ਸਮਾਜ ਵਿਚ ਪੂਰੇ ਸਵੈਮਾਣ ਨਾਲ ਗੁਜ਼ਾਰ ਸਕਣ।

ਬੱਜਟ-2019 ਵਿਚ ਸਰਕਾਰ ਵੱਲੋਂ ਹੇਠ-ਲਿਖੀਆਂ ਵਿਸ਼ੇਸ਼ਤਾਈਆਂ ਦਰਸਾਈਆਂ ਗਈਆਂ ਹਨ:

- ਕੈਨੇਡਾ-ਵਾਸੀਆਂ ਦੀ ਰਿਰਾਇਰਮੈਂਟ ਮਾਇਕ-ਪੱਖੋਂ ਸੁਰੱਖ਼ਿਅਤ ਬਣਾਉਣਾ: ਜਿਹੜੇ ਸੀਨੀਅਰਜ਼ ਰਿਟਾਇਰਮੈਂਟ ਤੋਂ ਬਾਅਦ ਵੀ ਕੰਮ ਕਰਨਾ ਚਾਹੁੰਦੇ ਹਨ, ਉਨ੍ਹਾਂ ਦੀ 'ਗਰੰਟੀਡ ਇਨਕਮ ਸਪਲੀਮੈਂਟ (ਜੀ.ਆਈ.ਐੱਸ.) ਅਰਨਿੰਗ' ਦੀ ਛੋਟ ਵਿਚ ਵਾਧਾ ਕੀਤਾ ਗਿਆ ਹੈ। ਇਸ ਨਾਲ ਉਹ ਆਪਣੀ ਮਿਹਨਤ ਦੀ ਕਮਾਈ ਦਾ ਵਧੇਰੇ ਭਾਗ ਆਪਣੇ ਕੋਲ ਰੱਖ ਸਕਣਗੇ।
- ਕੈਨੇਡਾ ਦੇ ਕਾਮਿਆਂ ਨੂੰ ਪੈਨਸ਼ਨ ਦੀ ਪੂਰੀ ਕੀਮਤ ਮਿਲਣੀ ਯਕੀਨੀ ਬਣਾਉਣਾ: 70 ਸਾਲ ਜਾਂ ਇਸ ਤੋਂ ਉੱਪਰ ਵਾਲੇ ਕੈਨੇਡੀਅਨ ਜਿਨ੍ਹਾਂ ਨੇ ਅਜੇ ਰਿਟਾਇਰਮੈਂਟ ਪੈਨਸ਼ਨ ਲਈ ਅਪਲਾਈ ਨਹੀਂ ਕੀਤਾ, ਨੂੰ ਕੈਨੇਡਾ ਪੈਨਸ਼ਨ ਪਲੈਨ (ਸੀ.ਪੀ.ਪੀ.) ਲਈ ਐੱਨਰੋਲ ਕੀਤਾ ਜਾਏਗਾ।
- ਵਰਕਪਲੇਸ ਪੈਨਸ਼ਨ ਦੀ ਸੁਰੱਖਿਆ ਵਧਾਉਣੀ: ਕਾਰਪੋਰੇਟ ਇਨਸੌਲਵੈਂਸੀ ਦੀ ਹਾਲਤ ਵਿਚ ਨਵੇਂ ਢੰਗਾਂ ਤਰੀਕਿਆਂ ਨਾਲ ਪੈਨਸ਼ਨ ਦਾ ਬਚਾਅ ਕਰਨਾ ਜਿਸ ਨਾਲ ਕੈਨੇਡਾ-ਵਾਸੀ ਆਪਣੀ ਰਿਟਾਇਰਮੈਂਟ ਦਾ ਸਮਾਂ ਆਰਾਮ ਨਾਲ ਬਿਤਾ ਸਕਣਗੇ।
- ਸੀਨੀਅਰਜ਼ ਦੀ ਸਮਾਜ ਵਿਚ ਸ਼ਮੂਲੀਅਤ ਅਤੇ ਯੋਗਦਾਨ ਵਧਾਉਣ ਲਈ ਉਪਰਾਲੇ: 'ਨਿਊ ਹੌਰਾਈਜ਼ਨਜ਼ ਫ਼ਾਰ ਸੀਨੀਅਰਜ਼ ਪ੍ਰੋਗਰਾਮ' ਵਿਚ ਫ਼ੰਡਿੰਗ ਦਾ ਵਾਧਾ ਕਰਕੇ ਅਜਿਹੇ ਪ੍ਰਾਜੈੱਕਟ ਸ਼ੁਰੂ ਕਰਨੇ ਜਿਨ੍ਹਾਂ ਨਾਲ ਸੀਨੀਅਰਜ਼ ਸੈਂਟਰਾਂ ਵਿਚ ਨਵਾਂ ਸਾਜ਼ੋ-ਸਾਮਾਨ ਦੇਣਾ, ਗਿਆਨ-ਵਰਧਕ ਕਲਾਸਾਂ ਸ਼ੁਰੂ ਕਰਨੀਆਂ, ਵਾਲੰਟੀਅਰ ਸੇਵਾਵਾਂ ਲਈ ਮੌਕੇ ਪ੍ਰਦਾਨ ਕਰਨੇ, ਆਦਿ ਸ਼ਾਮਲ ਹਨ।

ਬੱਜਟ-2019 ਦੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਨਾਲ ਸਰਕਾਰ ਕੈਨੇਡਾ-ਵਾਸੀਆਂ ਦੀ ਰਿਟਾਇਰਮੈਂਟ ਨੂੰ ਮਜ਼ਬੂਤ ਤੇ ਚਿੰਤਾ-ਮੁਕਤ ਵੇਖਣਾ ਚਾਹੁੰਦੀ ਹੈ ਤਾਂ ਕਿ ਉਹ ਭਵਿੱਖ ਵਿਚ ਆਪਣੇ ਵਿੱਤੀ-ਸੋਮਿਆਂ ਬਾਰੇ ਬਿਲਕੁਲ ਬੇ-ਫ਼ਿਕਰ ਹੋਣ ਅਤੇ ਆਪਣੀ ਸੇਵਾ-ਮੁਕਤੀ ਦਾ ਸਮਾਂ ਮਾਣ-ਮੱਤਾ ਬਿਤਾ ਸਕਣ। ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਰੂਬੀ ਸਹੋਤਾ ਨੇ ਕਿਹਾ,"ਸਾਡੇ ਸੀਨੀਅਰਾਂ ਨੇ ਬੜੀ ਸਖ਼ਤ ਮਿਹਨਤ ਕਰਕੇ ਆਪਣੇ ਪਰਿਵਾਰਾਂ ਦੀ ਪ੍ਰਵਰਿਸ਼ ਕੀਤੀ ਹੈ ਅਤੇ ਉਨ੍ਹਾਂ ਨੇ ਕਮਿਊਨਿਟੀਆਂ ਅਤੇ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕੀਤਾ ਹੈ। ਉਨ੍ਹਾਂ ਦਾ ਗਿਆਨ, ਸਕਿੱਲਜ਼ ਅਤੇ ਤਜਰਬਾ ਸਾਡੇ ਦੇਸ਼ ਦੇ ਅਰਥਚਾਰੇ ਦਾ ਆਧਾਰ ਹਨ। ਬੱਜਟ-2019 ਰਾਹੀਂ ਅਸੀਂ ਉਨ੍ਹਾਂ ਵੱਲੋਂ ਪਾਏ ਗਏ ਯੋਗਦਾਨ ਨੂੰ ਪੂਰਨ ਮਾਨਤਾ ਦਿੰਦੇ ਹੋਏ ਉਨ੍ਹਾਂ ਦੀਆਂ ਵੱਖ-ਵੱਖ ਕਮਿਊਨਿਟੀਆਂ ਨਾਲ ਜੁੜੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਵਿਚੋਂ ਜਿਹੜੇ ਅਜੇ ਵੀ ਵਰਕਫੋਰਸ ਨਾਲ ਜੁੜੇ ਰਹਿਣਾ ਚਾਹੁੰਦੇ ਹਨ, ਦੀ ਮਦਦ ਕਰਨਾ ਚਾਹੁੰਦੇ ਹਾਂ ਅਤੇ ਉਮਰ-ਭਰ ਕਮਾਈ ਕਰਕੇ ਜਿਨ੍ਹਾਂ ਨੇ ਪੈਨਸ਼ਨ ਪ੍ਰਾਪਤ ਕੀਤੀ ਹੈ, ਦਾ ਸੇਵਾ-ਮੁਕਤੀ ਦਾ ਸਮਾਂ ਸੁਰੱਖ਼ਿਅਤ ਤੇ ਸਨਮਾਨ-ਜਨਕ ਬਨਾਉਣਾ ਚਾਹੁੰਦੇ ਹਾਂ।"

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5 | Harcharan S. Grover



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org




IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Pass each exam in just 2 weeks
- Easy to Understand Material
- Important Practice Questions
- Limited Summarized Material


Call: 647-625-7961




2250 Bovaird Dr E, Unit#407, Medical Building
Behind RBC, Sunny Meadow/Bovaird

13 ਅਪ੍ਰੈਲ ਪਹਿਲੀ ਸ਼ਤਾਬਦੀ 'ਤੇ

# ਜੱਲ੍ਹਿਆਵਾਲੇ ਬਾਗ 'ਚ ਡੁੱਲਿਆ ਖ਼ੂਨ ਪੰਜਾਬੀਆਂ ਦੀ ਏਕਤਾ ਦਾ ਪ੍ਰਤੀਕ ਹੈ



ਜਗਦੀਸ਼ ਸਿੰਘ ਚੋਹਕਾ
91-921799744
001-403-285-4208

ਭਾਰਤ ਅੰਦਰ ਬਸਤੀਵਾਦੀ ਬਰਤਾਨਵੀ ਸਾਮਰਾਜ ਤੋਂ ਮੁਕਤੀ ਪ੍ਰਾਪਤ ਕਰਨ ਲਈ ਆਜ਼ਾਦੀ ਲਈ ਚਲੇ ਪਹਿਲੇ ਹਥਿਆਰਬੰਦ ਗਦਰ ਨੂੰ ਕੁਚਲਣ ਤੋਂ ਬਾਦ ਗੋਰਿਆਂ ਨੇ ਇਕ ਧਾਰਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ, 'ਕਿ ਹੁਣ ਭਾਰਤੀ ਲੋਕ ਆਜ਼ਾਦੀ ਲਈ ਮੁੜ ਸਿਰ ਨਹੀਂ ਚੁੱਕਣਗੇ ? ਪਰ ਉਨ੍ਹਾਂ ਦੀ ਇਹ ਧਾਰਨਾ ਛੇਤੀ ਹੀ ਪਸਤ ਹੋ ਗਈ ਜਦੋਂ ਪੰਜਾਬ ਅੰਦਰ ਬਾਬਾ ਰਾਮ ਸਿੰਘ ਦੀ ਅਗਵਾਈ 'ਚ ਕੂਕਾ ਲਹਿਰ ਦੀ ਸਵਦੇਸ਼ੀ, ਨਾ ਮਿਲਵਰਤਨ ਅਤੇ ਨਾ-ਫੁਰਮਾਨੀ ਲਹਿਰ ਨੇ ਸਮੁੱਚੇ ਉਤਰੀ ਭਾਰਤ ਅੰਦਰ ਇਕ ਗੁਣਾਂਤਮਿਕ ਰਾਜਸੀ ਅਤੇ ਲੋਕ ਉਭਾਰ ਨੂੰ ਜਨਮ ਦਿੱਤਾ ! ਫਿਰ ਕੁਝ ਚਿਰ ਲਈ ਚੁਪ-ਚਾਪ ਰਹਿਣ ਬਾਦ ਪੰਜਾਬ ਅੰਦਰ ਮੁੜ ਰਾਜਸੀ ਸਰਗਰਮੀਆਂ ਵੱਜੋਂ ਕਿਸਾਨੀ ਲਹਿਰਾਂ, ਲੋਕਾਂ ਦੇ ਆਮੁਹ-ਰੇ ਰੋਹ ਤੇ ਆਈ ਰਾਜਨੀਤਕ ਜਾਗਰੂਕਤਾ ਕਾਰਨ ਗੋਰੀ ਸਰਕਾਰ ਵਿਰੁਧ ਉਠੀਆਂ ਦਲੇਰੀ ਭਰੀਆਂ ਲਹਿਰਾਂ ਹਰ ਪਾਸੇ ਪਨਪ ਪਈਆਂ ! ਆਜ਼ਾਦੀ ਲਈ ਤਾਂਘ ਅਤੇ ਦੇਸ਼ ਪ੍ਰੇਮ ਵਾਲੀਆਂ ਭਾਵਨਾਵਾਂ ਕਾਰਨ ਹੀ 1913-14 ਦੌਰਾਨ ਉਤਰੀ -ਅਮਰੀਕਾ ਅੰਦਰ ਸਿੱਖ ਪ੍ਰਵਾਸੀਆਂ (ਪੰਜਾਬੀਆਂ) ਵੱਲੋਂ ਗਦਰ ਪਾਰਟੀ ਦੇ ਗਠਨ ਰਾਹੀਂ ਅਰੰਭਿਆ ਹਥਿਆਰਬੰਦ ਸੰਘਰਸ਼ ਅਤੇ ਗਦਰ ਪਾਰਟੀ ਦੇ ਸਿਰ ਲੱਥ ਕਾਰਕੁੰਨਾਂ ਵੱਲੋਂ ਕੀਤੀਆਂ ਕੁਰਬਾਨੀਆਂ ਤੋਂ ਗੋਰੇ ਪੂਰੀ ਤਰ੍ਹਾਂ ਭੈਅ-ਭੀਤ ਹੋ ਗਏ ! ਡਰੇ ਗੋਰਿਆਂ ਨੇ ਕਿਸੇ ਤਰ੍ਹਾਂ ਦੀ ਵੀ ਰਾਜਸੀ ਸਰਗਰਮੀ ਅਤੇ ਵਿਦਰੋਹ ਨੂੰ ਦਬਾਉਣ ਲਈ ਗੈਰ-ਮਨੁੱਖੀ ਦਮਨ ਅਤੇ ਦਹਿਸ਼ਤਜ਼ਦਾ ਚੱਕਰ ਚਲਾ ਕੇ ਤਸ਼ੱਦਦ ਸ਼ੁਰੂ ਕਰ ਦਿੱਤੇ। ਇਸ ਦਮਨ ਵਿਰੁੱਧ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਅੰਦਰ ਇਕ ਜ਼ਬਰਦਸਤ ਢੰਗ ਨਾਲ ਆਜ਼ਾਦੀ ਅੰਦੋਲਨ ਵਿੱਚ ਸ਼ਾਮਲ ਹੋਣ ਦੀ ਇਕ ਖਾਹਸ਼ ਵੀ ਜਨਮੀ ਜੋ ਅੱਗੋਂ ਜਾਕੇ ਇਕ ਛੋਟੀ ਜਿਹੀ ਲਹਿਰ ਦਾ ਰੂਪ ਧਾਰ ਗਈ।

ਉਸ ਵੇਲੇ ਦੇਸ਼ ਅੰਦਰ 20-ਵੀਂ ਸਦੀ ਦੇ ਪਹਿਲੇ ਅਤੇ ਦੂਸਰੇ ਦਹਾਕੇ ਦੌਰਾਨ ਸਭ ਤੋਂ ਵੱਡੀ ਰਾਜਸੀ ਸ਼ਕਤੀ "ਭਾਰਤੀ ਕੌਮੀ ਕਾਂਗਰਸ" ਸੀ, ਜੋ ਮੱਠੇ, ਠੰਡੇ, ਕਮਜ਼ੋਰ, ਬੁਜ਼ਦਿਲ ਅਤੇ ਗੋਰੀ ਸਰਕਾਰ ਨਾਲ ਸਹਿਮਤੀ ਵਾਲੀ ਬੋਲੀ ਬੋਲਣ ਵਾਲੀ ਪਾਰਟੀ ਸੀ ਅੱਗੇ ਆਈ। ਇਸ ਕਾਂਗਰਸ ਦੀ ਨੀਂਹ 1885 ਨੂੰ ਇਕ ਅੰਗਰੇਜ਼ ਆਈ.ਸੀ.ਐਸ. ਅਫਸਰ ਮਿ: ਏ.ਓ. ਹਿਊਮ ਨੇ ਰੱਖੀ ਸੀ। ਉਸ ਨੇ ਕਾਂਗਰਸ ਪਾਰਟੀ ਦਾ ਗਠਨ ਗੋਰੀ-ਸਰਕਾਰ ਦੇ ਇਕ ਸ਼ੈਡੋ ਰੱਖਵਾਲੇ ਵੱਜੋਂ, (ਗੋਰੀ-ਸਰਕਾਰ ਨਾਲ ਸਲਾਹ ਕਰਕੇ) ਕਾਂਗਰਸ ਨੂੰ ਜਨਤਾ ਅੰਦਰ ਇਕ "ਹਿਫਾਜ਼ਤੀ ਵੈਲਵ" (ਡ਼ਕਿਵਖ ਙ;ਡ਼ਕ) ਵੱਜੋਂ ਹੀ ਲੋਕਾਂ ਨੂੰ ਹਾਂਡੀ ਦੇ ਢੱਕਣ ਵਿੱਚ ਛੇਕ ਵੱਜੋ ਖੜੇ ਕੀਤਾ ਸੀ ? ਗੋਰੀ ਸਰਕਾਰ 1857 ਦੇ ਗਦਰ, ਕੂਕਾ ਲਹਿਰ, ਗਦਰ ਪਾਰਟੀ 'ਤੇ ਕਿਸਾਨੀ ਬਗਾਵਤਾਂ ਤੋਂ ਡਰੀ ਹੋਈ ਭਾਰਤ ਅੰਦਰ ਕਿਸੇ ਵੀ ਤਰ੍ਹਾਂ ਦੇ ਵਿਦਰੋਹ, ਅਚਨਚੇਤੀ ਤਬਦੀਲੀ ਅਤੇ ਬਗਾਵਤ ਤੋਂ ਘਬਰਾਈ ਹੋਈ ਆਪਣੀ ਰੱਖਿਆ ਲਈ ਅੰਦਰੂਨੀ ਵਫ਼ਾਦਾਰਾਂ ਦੀ ਭਾਲ ਲਈ, 'ਬੂਟ-ਚੱਟ ਤੇ ਰਾਜਸੀ ਭਗਤਾਂ ਨਾਲ ਇਕ ਰਾਜਸੀ ਲਾਮਡੋਰੀ ਵਾਲੀ ਸ਼ਕਤੀ ਚਾਹੁੰਦੀ ਸੀ ! ਜੋ ਰਾਜਾਸ਼ਾਹੀ ਤੋਂ ਬਿਨਾਂ ਰਾਜਸੀ ਪਾਰਟੀ ਹੋਵੇ ? ਇਹ ਫਰਜ਼ ਕਾਂਗਰਸ ਨੇ ਸ਼ੁਰੂ ਤੋਂ ਲੈ ਕੇ 1947 ਅਤੇ ਬਾਦ ਤਕ ਬਾਖੂਬੀ ਨਾਲ ਨਿਭਾਇਆ ?

ਪੰਜਾਬ ਅੰਦਰ ਆਜ਼ਾਦੀ ਲਈ ਕੂਕਾ ਲਹਿਰ ਤੋਂ ਲੈ ਕੇ ਕਿਸਾਨੀ ਲਹਿਰਾਂ ਤੱਕ ਸੈਕੜੇਂ ਪੰਜਾਬੀਆਂ ਨੇ ਕੁਰਬਾਨੀਆਂ ਕੀਤੀਆਂ ਤੇ ਸਜ਼ਾਵਾਂ ਕੱਟੀਆਂ। ਪਹਿਲੀ ਸੰਸਾਰ ਜੰਗ ਦੌਰਾਨ ਗਰੀਬੀ-ਗੁਰਬਤ ਅਤੇ ਜਹਾਲਤ ਦੇ ਮਾਰੇ ਹਜ਼ਾਰਾਂ ਪੰਜਾਬੀ ਫੌਜਾਂ ਅੰਦਰ ਭਰਤੀ ਹੋ ਕੇ ਜਾਨਾਂ ਗੁਵਾ ਚੱਕੇ ਸਨ ? ਜੰਗ ਦੇ ਭਾਰ ਨੇ ਪੰਜਾਬੀਆਂ ਦਾ ਕਚੂਮਰ ਕਰ ਦਿੱਤਾ ਸੀ । ਪੰਜਾਬ ਦੇ ਹਰ ਘਰ ਅੰਦਰ ਨੌਜਵਾਨਾਂ ਦੀਆਂ ਮੌਤਾਂ ਕਾਰਨ ਸੱਥਰ ਵਿਛੇ ਹੋਏ ਸਨ ! ਹਰ ਪਾਸੇ ਗਰੀਬੀ ਗੁਰਬਤ ਦੇ ਭੰਨੇ ਪੰਜਾਬੀ ਬਿਨਾਂ ਕਿਸੇ ਸਹਾਇਤਾ ਤੇ ਓਟ ਕਾਰਨ ਭਰੇ ਫਿਸੇ ਹੋਏ ਸਨ ! ਦੇਸ਼ ਅੰਦਰ ਰਾਜਸੀ ਲਹਿਰ ਜੋ ਕਾਂਗਰਸ ਪਾਰਟੀ ਪਾਸ ਸੀ, 'ਉਹ ਵੀ ਪਹਿਲੀ ਸੰਸਾਰ ਜੰਗ ਦੌਰਾਨ ਗੋਰੀ ਸਰਕਾਰ ਨਾਲ ਵਫ਼ਾਦਾਰੀ ਨਿਭਾਉਂਦੀ ਹੋਈ ਅੰਗਰੇਜ਼ ਪੱਖੀ ਰੁੱਖ ਅਪਨਾਅ ਰਹੀ ਸੀ। ਇਸ ਆਤਮਘਾਤੀ ਸਮੇਂ ਦੌਰਾਨ ਪੰਜਾਬੀਆਂ ਲਈ ਹਮਦਰਦੀ ਦੀ ਥਾਂ, 'ਜ਼ਖ਼ਮਾਂ 'ਤੇ ਫੈਹੇ ਲਾਉਣ ਦੀ ਥਾਂ ਮਿਲਿਆ, "ਰੌਲਟ ਐਕਟ ਅਤੇ ਜੱਲ੍ਹਿਆ-ਵਾਲੇ ਬਾਗ ਦੇ ਕਤਲੋਗਾਰਤ ਦਾ ਤੋਹਫਾ ?


13 ਅਪ੍ਰੈਲ 1919 ਨੂੰ ਵਿਸਾਖੀ ਦੇ ਪਵਿਤਰ ਦਿਹਾੜੇ 'ਤੇ ਅੰਮ੍ਰਿਤਸਰ ਸ਼ਹਿਰ ਅੰਦਰ ਬਰਤਾਨਵੀ ਬਸਤੀਵਾਦੀ ਜ਼ਾਲਮ ਤੇ ਨਸਲ-ਪ੍ਰਸਤਾਂ ਨੇ 20-ਵੀਂ ਸਦੀ ਦੇ ਸਭ ਤੋਂ ਵੱਧ ਕਰੂਰਤਾ ਪੂਰਨ ਅਤੇ ਭੈੜੇ ਕਿਸਮ ਦਾ ਰਾਜਨੀਤਕ ਅਪਰਾਧ ਕਰਕੇ, 'ਜਲ੍ਹਿਆ ਵਾਲੇ ਬਾਗ ਅੰਦਰ ਪੁਰ-ਅਮਨ ਪੰਜਾਬੀਆਂ ਦੇ ਖੂਨ ਨਾਲ ਹੋਲੀ ਖੇਡ ਕੇ, 'ਆਜ਼ਾਦੀ ਦੇ ਸੰਘਰਸ਼ ਨੂੰ ਕੁਚਲਣ ਲਈ ਕਹਿਰ ਢਾਇਆ ! ਬਰਤਾਨਵੀ ਬਸਤੀਵਾਦੀ ਸਾਮਰਾਜੀ ਸ਼ਾਸ਼ਕਾਂ ਦਾ ਜ਼ਾਲਮਪੁਣਾ, ਅਸੱਭਿਅਕ ਅਤੇ ਜ਼ੁਲਮ ਨੇ ਇਕ ਵਾਰ ਫਿਰ ਦੁਨੀਆਂ ਅੰਦਰ ਇਨਸਾਨੀਅਤ ਤੋਂ ਗਿਰੇ ਚੇਹਰੇ ਨੂੰ ਇਸ ਘਟਨਾ ਨੇ ਨੰਗਾ ਕਰ ਦਿੱਤਾ ! ਇਸ ਦੁੱਖਦਾਈ ਦੁਖਾਂਤ ਦੌਰਾਨ ਜ਼ਾਬਰ ਗੋਰਿਆ ਦੀਆਂ ਗੋਲੀਆਂ ਨਾਲ ਲੱਗ-ਪੱਗ 400-1200 ਤੋਂ ਵੱਧ ਪੰਜਾਬੀ ਸ਼ਹੀਦ ਹੋਏ ਅਤੇ 2000 ਤੋਂ ਵੱਧ ਗਿਣਤੀ 'ਚ ਜ਼ਖਮੀ ਹੋਣ ਦੀਆਂ ਰਿਪੋਰਟਾਂ ਸਨ ? ਕੌਮੀ ਅੰਦੋਲਨ ਵੱਲੋਂ ਗਠਿਤ ਨਿਰਪੱਖ ਜਾਂਚ ਕਮਿਸ਼ਨਾਂ ਦੇ ਦਸਤਾਵੇਜ਼ੀ ਸਬੂਤਾਂ ਅਨੁਸਾਰ ਮਰਨ ਵਾਲੇ ਲੋਕਾਂ ਦੀ ਗਿਣਤੀ ਇਕ ਹਜ਼ਾਰ ਤੋਂ ਵੱਧ ਦਿਖਾਈ ਗਈ ਦੱਸੀ ਸੀ। ਜੱਲ੍ਹਿਆਂ-ਵਾਲਾ ਬਾਗ ਦੀ ਉਹ ਥਾਂ ਜਿਥੇ ਇਹ ਘਟਨਾ ਵਾਪਰੀ ਸੀ, 'ਚਾਰੇ ਪਾਸੇ ਤੋਂ ਘਿਰਿਆ ਹੋਇਆ, ਜਿਸ ਲਈ ਇਕ ਹੀ ਤੰਗ ਰਸਤਾ ਆਉਣ ਤੇ ਜਾਣ ਲਈ ਸੀ ! ਪੰਜਾਬ ਅੰਦਰ ਜਾਰੀ ਬਰਤਾਨਵੀ ਜ਼ਾਬਰਾਨਾ-ਜ਼ੁਲਮ ਅਤੇ ਜਮਹੂਰੀ ਹੱਕਾਂ ਤੇ ਪਾਬੰਦੀਆਂ ਦੀ ਵਿਰੋਧਤਾ ਵਿਰੁਧ ਅਤੇ ਕਾਲਾ ਕਾਨੂੰਨ ਰੌਲਟ ਐਕਟ ਦਾ ਵਿਰੋਧ ਕਰਨ ਲਈ 13-ਅਪ੍ਰੈਲ 1919 ਨੂੰ ਸ਼ਹਿਰ ਵਾਸੀਆਂ ਵੱਲੋਂ ਇਕ ਆਮ ਜਲਸਾ ਬਾਗ ਅੰਦਰ ਕੀਤਾ ਜਾ ਰਿਹਾ ਸੀ, ਜਿਸ ਵਿੱਚ 20000 ਤੋਂ 25000 ਵਿਚਕਾਰ ਲੋਕ ਇਕੱਤਰ ਹੋਏ ਸਨ। ਇਸ ਤੋਂ ਪਹਿਲਾਂ ਕੁਝ ਦਿਨ ਵਾਪਰੀਆਂ ਘਟਨਾਵਾਂ ਅਤੇ ਲੋਕਾਂ ਨੂੰ ਸਬਕ ਸਿਖਾਉਣ ਲਈ ਬਰਤਾਨਵੀ ਬਸਤੀਵਾਦੀ ਸਾਮਰਾਜੀ ਗੋਰਿਆਂ ਵੱਲੋਂ ਇਹ ਜ਼ੁਲਮ ਅਤੇ ਖੂਨੀ ਸਾਕਾ ਇਕ ਸੋਚੀ ਸਮਝੀ ਕਰਤੋਗਾਰਤ ਤੋਂ ਸਿਵਾ ਕੁੱਝ ਹੋਰ ਨਹੀਂ ਸੀ ? ਉਸ ਵੇਲੇ ਲੋਕ ਇਕ ਮੁਠ ਸਨ ਅਤੇ ਗੋਰਿਆ ਵੱਲੋਂ ਫੈਲਾਈ ਜਾਂਦੀ ਫਿਰਕੂ ਕੁਰੱਤਣ ਤੋਂ ਦੂਰ, 'ਇਕ ਦੂਜੇ ਦੇ ਗੱਲੇ ਨਾਲ ਲੱਗੇ, ਬਹੁ-ਧਾਰਮਿਕ ਏਕਤਾ ਦਾ ਸਬੂਤ ਦੇ ਕੇ ਆਪੋ ਆਪਣੇ ਧਾਰਮਿਕ ਤਿਉਹਾਰ ਮਿਲ ਕੇ ਮਨਾ ਰਹੇ ਸਨ। ਜਦ ਕਿ ਗੋਰੀ ਸਰਕਾਰ ਆਪਣੇ ਸਾਮਰਾਜੀ ਸੌੜੇ ਹਿਤਾਂ ਲਈ ਲੋਕਾਂ ਨੂੰ ਵੰਡੋ ਤੇ ਰਾਜ ਕਰੋ ਦੀ ਨੀਤੀ ਨੂੰ ਮਜ਼ਬੂਤ ਕਰ ਰਹੀ ਸੀ ! ਪਰ ਪੰਜਾਬੀਆਂ ਨੇ ਇਸ ਅੱਤਿਆਚਾਰੀ ਕਾਂਡ ਦੌਰਾਨ ਜੁਝਾਰੂ ਜਜ਼ਬੇ ਅਤੇ ਫਿਰਕੂ ਏਕਤਾ ਨੂੰ ਮਜ਼ਬੂਤ ਕੀਤਾ ਅਤੇ ਅਡੋਲ ਰਹੇ ?

1918 ਵਿੱਚ ਕਾਂਗਰਸ ਦੇ ਸਲਾਨਾ ਸੰਮੇਲਨ ਦੌਰਾਨ ਇਹ ਫੈਸਲਾ ਹੋਇਆ ਕਿ ਅਗਲਾ ਸੰਮੇਲਨ 1919 ਵਿੱਚ ਪੰਜਾਬ 'ਚ ਕੀਤਾ ਜਾਵੇਗਾ ! ਬਰਤਾਨਵੀ ਗੋਰੀ ਸਰਕਾਰ ਇਸ ਸੰਮੇਲਨ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਰਾਜਨੀਤੀ ਕਰਨ ਦੇ ਰੂਪ ਵਿੱਚ ਦੇਖਣ ਲੱਗ ਪਈ। ਕਿਉਂਕਿ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ ਸੀ ਅਤੇ ਉਹ ਪੰਜਾਬ ਨੂੰ ਫੌਜ ਲਈ ਰਕਰੂਟਾਂ ਦੇ ਇਕ ਖਜਾਨੇ ਵੱਲੋਂ ਵੇਖ ਰਹੀ ਸੀ ! ਇਸ ਲਈ ਗੋਰੀ ਸਰਕਾਰ ਕੌਮੀ ਭਾਵਨਾਵਾਂ ਅਤੇ ਦੇਸ਼ ਦੀ ਆਜ਼ਾਦੀ ਲਈ ਵੱਧ ਰਹੀ ਤਾਂਘ ਨੂੰ ਤੁਰੰਤ ਰੋਕਣਾ ਚਾਹੁੰਦੀ ਸੀ। ਅੰਮ੍ਰਿਤਸਰ ਸ਼ਹਿਰ ਅੰਦਰ ਲਾਹੌਰ ਦੇ ਇਕ ਡਾ: ਸਤਪਾਲ ਅਤੇ ਅੰਮ੍ਰਿਤਸਰ ਦੇ ਪ੍ਰਸਿੱਧ ਵਕੀਲ ਡਾ: ਸੈਫੂਦੀਨ ਕਿਚਲੂ ਨੇ ਕਾਂਗਰਸ ਸੰਮੇਲਨ ਅਯੋਜਿਤ ਕਰਨ ਦੀ ਪਹਿਲ ਕਦਮੀ ਕਰਨ ਦਾ ਬੀੜਾ ਚੁੱਕਿਆ ਸੀ। ਗੋਰੀ ਸਰਕਾਰ ਇਸ ਸੰਮੇਲਨ ਨੂੰ ਇਕ ਗੰਭੀਰ ਚੁਣੌਤੀ ਦੇ ਰੂਪ ਵਿੱਚ ਦੇਖ ਰਹੀ ਸੀ ! ਪਰ ਪੰਜਾਬੀਆਂ ਅੰਦਰ ਆਜ਼ਾਦੀ ਦੀ ਭਾਵਨਾ ਪਹਿਲਾ ਹੀ ਘਰ ਕਰ ਚੁੱਕੀ ਹੋਈ ਸੀ ! ਉਤਰੀ ਅਮਰੀਕਾ ਅੰਦਰ ਪੰਜਾਬੀ ਪ੍ਰਵਾਸੀਆਂ ਵੱਲੋਂ ਆਜ਼ਾਦੀ ਲਈ 1913-14 ਦੌਰਾਨ ਚਲਾਇਆ ਗਦਰ-ਪਾਰਟੀ ਦੀ ਅਗਵਾਈ 'ਚ ਅੰਦੋਲਨ, ' ਜਿਸ ਨੂੰ ਬਰਤਾਨਵੀ ਬਸਤੀਵਾਦੀਆਂ ਨੇ ਬੜੇ ਸ਼ਾਤਰਾਨਾ ਅਤੇ ਕਰੂਰ ਤਰੀਕਿਆਂ ਨਾਲ ਕੁਚਲ ਦਿਤਾ ਸੀ। ਇਸ ਲਈ ਪੰਜਾਬੀਆਂ ਅੰਦਰ ਗੋਰਿਆ ਦੇ ਇਸ ਜ਼ਾਬਰਾਨਾ ਕਦਮ ਵਿਰੁਧ ਇਕ ਰੋਹ ਪੈਦਾ ਹੋਣਾ ਰਾਜਸੀ ਸੀ ? ਨੌਜਵਾਨਾਂ ਅੰਦਰ ਇਕ ਜੁਝਾਰੂ ਜਜ਼ਬੇ ਨੇ ਵੀ ਜਨਮ ਲਿਆ। ਪੰਜਾਬ ਅੰਦਰ ਫਿਰਕੂ ਏਕਤਾ ਅਤੇ ਆਜ਼ਾਦੀ ਲਈ ਲਗਨ ਕਾਰਨ ਥਾਂ-ਥਾਂ ਲੋਕ ਸੰਘਰਸ਼ ਸ਼ੀਲ ਹੋ ਰਹੇ ਸਨ ! ਲੋਕ ਭਾਵੇਂ ਖਾਮੋਸ਼ ਸਨ, ਪਰ ਇਹ ਖਮੋਸ਼ੀ ਇਕ ਬਰੂਦੀ ਗੋਲਾ ਸੀ ?

ਰੌਲਟ ਐਕਟ: 1917-18 ਵਿੱਚ ਮੌਂਟਗੂ ਨੇ ਹਿੰਦੋਸਤਾਨ ਦਾ ਦੌਰਾ ਕੀਤਾ ਅਤੇ ਜੋ ਰਿਪੋਰਟ ਪੇਸ਼ ਕੀਤੀ, ਉਸ ਮੁਤਾਬਿਕ ਉਸ ਨੇ ਕਿਹਾ ਕਿ ਸਰਕਾਰ ਫਾਈਲਾਂ ਅਤੇ ਜਾਬਤਿਆਂ ਵਿੱਚ ਫੱਸੀ ਹੋਈ ਇਕ ਸਿਆਸੀ ਸੂਝਹੀਣ ਮਸ਼ੀਨ ਹੈ ! ਕਸ਼ੀਦਗੀ ਵਾਲੇ ਸਿਆਸੀ ਮਾਹੌਲ ਨਾਲ ਨਜਿੱਠ ਸੱਕਣਾ ਉਸ ਦੇ ਵੱਸ ਦਾ ਰੋਗ ਨਹੀਂ ? 1919 ਵਾਲੇ ਹਾਲਾਤ ਬੜੀ ਤੇਜ਼ੀ ਨਾਲ ਟਕਰਾਅ ਵੱਲ ਵੱਧ ਰਹੇ ਸਨ ? 22 ਅਪ੍ਰੈਲ 1918 ਨੂੰ ਮੌਂਟੈਗੂ ਚੈਮਸ ਫੋਰਡ ਸਕੀਮ ਉਪਰ ਸ਼ਿਮਲੇ ਸਹੀ ਪਾਈ ਗਈ। 29 ਅਪ੍ਰੈਲ 1918 ਨੂੰ ਬੰਬਈ ਵਿਖੇ ਕਾਂਗਰਸ ਨੇ ਇਸ ਸਕੀਮ ਨੂੰ ਨਿਰਾਸ਼ਾਜਨਕ ਅਤੇ ਨਾ-ਤਸੱਲੀ ਬਖਸ਼ ਦੱਸ ਕੇ ਕਿਹਾ, 'ਕਿ ਸਵਰਾਜ ਤੋਂ ਕੁਝ ਘੱਟ ਨਹੀ ? ਇਸੇ ਸਮੇਂ ਦੌਰਾਨ ਰੂਸੀ ਇਨਕਲਾਬ ਅਤੇ ਅਮਰੀਕਾ ਦੇ ਪ੍ਰਧਾਨ ਵੱਲੋਂ ਛੋਟੀਆਂ ਕੌਮਾਂ ਦੀ ਆਜ਼ਾਦੀ ਦੀ ਰੱਖਿਆ, ਜਿਸ ਨੇ ਹਿੰਦੋਸਤਾਨ ਦੀ ਆਜ਼ਾਦੀ ਦੀ ਲਹਿਰ ਨੂੰ ਉਤਸ਼ਾਹ ਦਿੱਤਾ ! 1918 ਦੇ ਅੰਤਲੇ ਦਿਨਾਂ ਅੰਦਰ ਰੌਲਟ ਐਕਟ ਬਾਰੇ ਦੇਸ਼ ਅੰਦਰ ਬਹਿਸ ਛਿੜ ਪਈ ! ਪਰ 21-ਮਾਰਚ 1919 ਨੂੰ ਰੌਲਟ ਐਕਟ ਪਾਸ ਹੋ ਗਿਆ। ਇਸ ਮੌਕੇ ਗਾਂਧੀ ਜੀ ਨੇ ਕੌਮੀ ਪੱਧਰ ਤੇ ਐਜੀਟੇਸ਼ਨ ਸ਼ੁਰੂ ਕਰਨ ਲਈ ਐਲਾਨ ਕਰ ਦਿੱਤਾ। ਹੜਤਾਲ ਦੀ ਤਾਰੀਕ ਪਹਿਲਾ 30 ਮਾਰਚ 1919 ਤੈਹ ਕੀਤੀ ਜੋ ਬਦਲ ਕੇ 6 ਅਪ੍ਰੈਲ 1919 ਕਰ ਦਿੱਤੀ ਗਈ। ਅੰਮ੍ਰਿਤਸਰ ਵਿੱਚ ਡਾ. ਕਿਚਲੂ ਅਤੇ ਡਾ: ਸਤਪਾਲ ਨੇ, ਲਾਹੌਰ ਵਿੱਚ ਲਾਲ ਦੁਨੀਚੰਦ, ਚੌਧਰੀ ਰਾਮਭਜ ਦਤ ਆਦਿ ਵਲੋਂ ਐਜੀਟੇਸ਼ਨ ਦਾ ਐਲਾਨ ਕਰ ਦਿੱਤਾ। ਚੀਫ਼ ਖਾਲਸਾ ਦੀਵਾਨ ਦੇ ਕਰਤਾ ਧਰਤਾ "ਸਰ ਸੁੰਦਰ ਸਿੰਘ ਮਜੀਠੀਆ" ਨੇ ਇਸ ਐਕਸ਼ਨ ਦੀ ਪੁਰਜ਼ੋਰ ਨਿਖੇਧੀ ਕੀਤੀ । 6-ਅਪ੍ਰੈਲ ਲਗਪਗ ਸਾਰੇ ਦੇਸ਼ ਅੰਦਰ ਮੁਕੰਮਲ ਹੜਤਾਲ ਹੋਈ ਜੋ ਸਮੁੱਚੇ ਦੇਸ਼ ਵਾਸੀਆਂ ਦੇ ਏਕੇ ਦਾ ਸਬੂਤ ਸੀ। ਪੰਜਾਬ ਅੰਦਰ ਸਿੱਖਾਂ, ਹਿੰਦੂਆਂ ਅਤੇ ਮੁਸਲਾਮਾਨਾਂ ਦੇ ਹੋਏ ਏਕੇ ਕਾਰਨ ਗੋਰੀ ਸਰਕਾਰ ਨੂੰ ਹੱਥਾਂ ਪੈਰਾ ਦੀ ਪੈ ਗਈ ? 9-ਅਪ੍ਰੈਲ ਨੂੰ ਗਾਂਧੀ ਜੀ ਨੂੰ ਪੰਜਾਬ ਵਲ ਆਉਂਦਿਆਂ ਪਲਵਲ ਦੇ ਮੁਕਾਮ ਤੇ ਰੋਕ ਕੇ ਗ੍ਰਿਫਤਾਰ ਕਰ ਲਿਆ।

ਜਿਥੋਂ ਤਕ ਪੰਜਾਬ ਦਾ ਸਵਾਲ ਹੈ, 4-ਅਪ੍ਰੈਲ ਨੂੰ ਡਾ: ਕਿਚਲੂ ਅਤੇ ਡਾ: ਸਤਪਾਲ ਨੂੰ ਜਲਸਿਆਂ 'ਚ ਬੋਲਣ ਦੀ ਮਨਾਹੀ ਕਰ ਦਿੱਤੀ ਗਈ। 6-ਅਪੈਲ 1919 ਨੂੰ ਹੜਤਾਲ ਨੂੰ ਸਫਲ ਬਣਾਉਣ ਲਈ ਸਾਰੇ ਸ਼ਹਿਰ ਅੰਦਰ ਇਸ਼ਤਿਹਾਰ ਲਾਏ ਗਏ। ਸ਼ਹਿਰ ਅੰਦਰ ਹਿੰਦੂ, ਸਿੱਖ ਅਤੇ ਮੁਸਲਮਾਨ ਭਾਈਚਾਰੇ ਦਾ ਮੁਕੰਮਲ ਏਕਾ ਸੀ! ਉਸੇ ਦਿਨ ਇਕ ਜਲਸਾ ਕੀਤਾ ਗਿਆ ਜਿਸ ਵਿੱਚ 50-ਹਜ਼ਾਰ ਦੇ ਹਜੂਮ ਦੀ ਗਿਣਤੀ ਸੀ ਤੇ ਇਸ ਜਲਸੇ ਦੀ ਸਦਾਰਤ ਅਬਦੁਲ ਇਸਲਾਮ ਨੇ ਕੀਤੀ। ਬਹੁਤ ਸਾਰੇ ਮੱਤੇ ਜੋ ਹੋਰਨਾਂ ਤੋਂ ਬਿਨਾਂ ਰੌਲਟ ਐਕਟ ਨੂੰ ਮਨਜ਼ੂਰੀ ਨਾ ਦੇਣ ਸਬੰਧੀ ਪਾਸ ਕੀਤੇ ਗਏ। 5-ਅਪ੍ਰੈਲ ਨੂੰ ਸਾਰੇ ਅੰਮ੍ਰਿਤਸਰ ਵਾਸੀਆਂ ਵਲੋਂ ਮਿਲ ਕੇ ਰਾਮ-ਨੌਮੀ ਦਾ ਤਿਉਹਾਰ ਵੀ ਮੰਨਾਇਆ ਗਿਆ। ਹਿੰਦੂ, ਮੁਸਲਮਾਨ ਤੇ ਸਿੱਖ ਭਾਈਚਾਰੇ ਦੇ ਏਕਤਾ ਦੇ ਜਲੂਸ ਨੂੰ ਚੌਧਰੀ ਬੁੱਘੇ ਨੇ ਬਕਾਇਦਾ ਬੰਧੇਜ ਵਿੱਚ ਕਾਇਮ ਰੱਖਿਆ ਤੇ ਕੋਈ ਅਣਸੁਖਾਈ ਘਟਨਾ ਨਹੀਂ ਵਾਪਰੀ। ਸ਼ਹਿਰ ਦੇ ਕੱਟੜਾ ਆਹਲੂਵਾਲੀਆ ਅੰਦਰ ਅਲਾਹਾਬਾਦ ਬੈਂਕ ਦੇ, ਬਰਾਂਡੇ ਵਿੱਚ ਮਿ: ਇਰਵਿੰਗ ਡੀ.ਸੀ. ਜਲੂਸ ਨੂੰ ਤੱਕਦਾ ਰਿਹਾ, ਅਤੇ ਲੋਕ ਗਾਂਧੀ ਦੀ ਜੈ, ਕਿਚਲੂ ਜੀ ਦੀ ਜੈ, ਸਤਪਾਲ ਜੀ ਦੀ ਜੈ ਦੇ ਨਾਹਰੇ ਲਾ ਰਹੇ ਸਨ। ਜਦਕਿ ਬਾਦਸ਼ਾਹ ਨੂੰ ਰੱਬ ਸਲਾਮਤ ਰੱਖੇ ਦੀ ਧੂੰਨੀ ਵਜਾਈ ਗਈ। ਜਲੂਸ ਅੰਦਰ ਜਦੋਂ ਮੁਸਲਮ-ਰਜ਼ਾਕਾਰਾਂ ਦੀ ਆਖਰੀ ਟੁਕੜੀ ਗੁਜ਼ਰ ਰਹੀ ਸੀ ਤੇ ਲੋਕ ਤਾੜੀਆਂ ਮਾਰ ਰਹੇ ਸਨ ਤਾਂ ਡਿਪਟੀ ਕਮਿਸ਼ਨਰ ਬਹੁਤ ਸਟਪਟਾਇਆ। 9-ਅਪ੍ਰੈਲ ਨੂੰ ਡੀ.ਸੀ. ਨੂੰ ਪੰਜਾਬ ਦੇ ਗਵਰਨਰ ਦਾ ਹੁਕਮ ਆਇਆ, 'ਕਿ ਡਾ: ਕਿਚਲੂ ਅਤੇ ਡਾ: ਸਤਪਾਲ ਨੂੰ ਅੰਮ੍ਰਿਤਸਰ ਤੋਂ ਬਦਰ ਕਰ ਦਿੱਤਾ ਜਾਵੇ ? ਸ਼ਾਮ ਨੂੰ ਡੀ.ਸੀ. ਦੀ ਕੋਠੀ ਸਾਰੇ ਅਫਸਰਾਂ ਦੀ ਮੀਟਿੰਗ ਸੱਦ ਕੇ ਸ਼ਹਿਰ ਅੰਦਰ ਸਾਰਾ ਫੌਜੀ ਤੇ ਪੁਲੀਸ ਬੰਦੋਬਸਤ ਕਰਕੇ ਡਿਊਟੀਆਂ ਲਾ ਦਿੱਤੀਆਂ। ਕਿਉਂਕਿ ਗੋਰੀ ਸਰਕਾਰ ਨੂੰ ਡਰ ਸੀ ਕਿ ਆਗੂਆਂ ਦੀ ਗ੍ਰਿਫਤਾਰੀ ਕਾਰਨ ਹਲਾਤਾਂ ਨਾਲ ਨਿਠਣ ਲਈ ਰੋਹ 'ਚ ਆਏ ਸ਼ਹਿਰ ਵਾਸੀਆਂ ਨੂੰ ਸਿਝਣ ਲਈ ਫੌਜੀ ਬੰਦੋਬਸਤ ਤਿਆਰ-ਬਰ-ਤਿਆਰ ਰਹੇ। ਰੇਲਵੇ ਲਾਂਘੇ, ਅਤੇ ਥਾਂ-ਥਾਂ ਨਾਕੇ ਲਾਏ ਗਏ। ਕੈਪਟਨ ਮੈਸੀ ਨੇ ਅਪਾਰੇਸ਼ਨ ਲਈ ਮਸ਼ੀਨ ਗੰਨਾਂ ਅਤੇ ਤੋਪਾਂ ਆਦਿ ਬੀੜਨ ਦੀ ਜ਼ਿੰਮੇਵਾਰੀ ਲਈ।

10-ਅਪ੍ਰੈਲ 1919 ਨੂੰ ਸਾਰੇ ਬੰਦੋਬਸਤ ਮੁਕੰਮਲ ਕਰਕੇ ਡਾ: ਸਤਪਾਲ ਅਤੇ ਡਾ: ਕਿਚਲੂ ਨੂੰ ਕੋਠੀ ਸੱਦਿਆ ਗਿਆ ਤੇ



ਸਰਕਾਰੀ ਹੁਕਮ ਦਿਖਾਕੇ ਪੰਜਾਬ ਤੋਂ ਬਾਹਰ ਭੇਜਣ ਦੇ ਹੁਕਮ ਕਰਕੇ ਮੋਟਰ ਕਾਰ ਰਾਹੀਂ ਦੋਨੋ ਆਗੂਆਂ ਨੂੰ ਧਰਮਸ਼ਾਲਾ ਵੱਲ ਤੋਰ ਦਿੱਤਾ। ਲੀਡਰਾਂ ਦੀ ਗ੍ਰਿਫਤਾਰੀ ਦੀ ਖਬਰ ਜਿਉਂ ਹੀ ਸ਼ਹਿਰ ਵਿੱਚ ਫੈਲੀ, 11-ਵਜੇ ਸ਼ਹਿਰ ਅੰਦਰ ਸਾਰਾ ਕਾਰੋਬਾਰ ਠੱਪ ਹੋ ਗਿਆ। ਲੋਕ ਪਹਿਲਾ ਹੀ ਗਾਂਧੀ ਜੀ ਦੀ ਗ੍ਰਿਫਤਾਰੀ ਤੋਂ ਰੋਹ ਵਿੱਚ ਸਨ। ਉਪਰੋਕਤ ਖਬਰ ਸੁਣ ਕੇ ਸ਼ਹਿਰ ਅੰਦਰ ਹਜੂਮ ਇਕੱਠਾ ਹੋ ਗਿਆ ਅਤੇ 50-ਹਜ਼ਾਰ ਦੇ ਹਜੂਮ ਦਾ ਇਕੱਠ "ਬੁੱਗਾ ਤੇ ਰੱਤੋ" ਦੀ ਅਗਵਾਈ 'ਚ ਰੇਲਵੇ ਦੇ ਉਚੇ ਪੁਲ ਦੇ ਰਸਤੇ ਡੀ.ਸੀ. ਦੀ ਰਿਹਾਇਸ਼ ਵੱਲ ਵੱਧਣ ਲੱਗ ਪਿਆ। ਲੋਕ ਰੋਹ 'ਚ, ਨਾਹਰੇ ਮਾਰਦੇ ਅਤੇ ਗੋਰੀ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦੇ ਅੱਗੇ ਵੱਧ ਰਹੇ ਸਨ। ਸਰਕਾਰ ਨੇ ਹਜੂਮ ਨੂੰ ਸਿਵਲ ਲਾਈਨ ਵੱਲ ਜਾਣ ਤੋਂ ਰੋਕਣ ਲਈ ਪੁਲੀਸ, ਘੋੜ ਸਵਾਰ, ਹਥਿਆਰ ਬੰਦ ਦਸਤੇ ਤਾਇਨਾਤ ਕਰ ਦਿੱਤੇ। ਹਜੂਮ ਪਾਲਾ ਬੰਨ ਕੇ ਅੱਗੇ ਵੱਧ ਰਿਹਾ ਸੀ ਅਤੇ ਉਨ੍ਹਾਂ ਪਾਸ ਕੋਈ ਹਥਿਆਰ ਨਹੀਂ ਸੀ। ਜਦੋਂ ਲੋਕ ਅੱਗੇ ਵੱਧੇ ਤਾਂ ਪੁਲੀਸ ਨੇ ਗੋਲੀ ਚਲਾ ਦਿੱਤੀ। ਬਹੁਤ ਸਾਰੇ ਲੋਕ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ। ਜਦੋਂ ਲੋਕ ਫਿਰ ਵੀ ਅੱਗੇ ਵੱਧੇ ਤਾਂ ਫੌਜ ਨੇ ਫਿਰ ਗੋਲੀ ਚਲਾ ਦਿੱਤੀ। ਇਸ ਵਾਰ ਦੋ ਦਰਜਨ ਲੋਕ ਮਾਰੇ ਗਏ ਤੇ ਬਹੁਤ ਸਾਰੇ ਜ਼ਖਮੀ ਹੋ ਗਏ। ਗੋਰੀ ਸਰਕਾਰ ਨੇ ਜ਼ਖ਼ਮੀਆਂ ਨੂੰ ਹਸਪਤਾਲ ਭੇਜਣ ਤੋਂ ਸਟਰੈਚਰ ਵੀ ਰੋਕ ਦਿੱਤੇ। ਲੋਕ ਹੋਰ ਰੋਹ ਅਤੇ ਗੁੱਸੇ 'ਚ ਆ ਗਏ । ਹਾਕਮਾਂ ਦੇ ਇਸ ਰਵੱਈਏ ਕਾਰਨ ਹਜੂਮ ਮਰਨ-ਮਾਰਨ ਲਈ ਤਿਆਰ ਹੋ ਗਿਆ ਜਿਵੇਂ ਹੋਣਾ ਹੀ ਸੀ ? ਭੀੜ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਮਾਰ-ਧਾੜ ਸ਼ੁਰੂ ਹੋ ਗਈ। ਜਿਸ ਲਈ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ ? ਕਈ ਅੰਗਰੇਜ਼ ਅਤੇ ਇਕ ਮਿਸ਼ਨਰੀ ਲੇਡੀ ਵੀ ਭੀੜ ਦਾ ਸ਼ਿਕਾਰ ਬਣੀ। ਸਾਰੇ ਸ਼ਹਿਰ ਅੰਦਰ ਅੱਗਜ਼ਨੀ, ਲੁੱਟਮਾਰ ਅਤੇ ਮਾਰਧਾੜ ਫੈਲ ਗਈ। ਸਰਕਾਰੀ ਬਿਆਨਾਂ ਅਨੁਸਾਰ 10 ਅਪ੍ਰੈਲ ਨੂੰ ਮਰਨ ਵਾਲਿਆਂ ਦੀ ਗਿਣਤੀ 12 ਅਤੇ ਜ਼ਖਮੀਆਂ ਦੀ ਗਿਣਤੀ 20-30 ਦੱਸੀ ਗਈ, ਜਦਕਿ ਮਕਬੂਲ ਅਹਿਮਦ ਇਨਕੁਆਰੀ ਰਿਪੋਰਟ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 20-30 ਦੱਸੀ ਗਈ ਸੀ।

ਮਾਰਸ਼ਲ-ਲਾਅ ਕਮਿਸ਼ਨ ਦੇ ਲੈਫਟੀਨੈਂਟ-ਕਰਨਲ ਅਨੁਸ-ਾਰ ਜੇ ਭੀੜ ਨੂੰ ਪਹਿਲੀ ਸਟੇਜ ਉਪਰ ਹੀ ਸਿਆਣਪ ਨਾਲ ਨਿਪਟਿਆ ਜਾਂਦਾ ਤਾਂ ਜਾਨੀ-ਮਾਲੀ ਨੁਕਸਾਨ ਰੋਕਿਆ ਜਾ ਸਕਦਾ ਸੀ। ਮਿ: ਮਾਈਲਜ਼ ਇਰਵਿੰਗ ਨੇ ਸ਼ਹਿਰ ਨੂੰ ਫੌਜ ਦੇ ਹਵਾਲੇ ਕਰਕੇ ਜਨਰਲ ਡਾਇਰ ਜੋ ਜਲੰਧਰ ਤੋਂ ਆਇਆ ਸੀ ਦੇ ਹਵਾਲੇ ਕਰ ਦਿੱਤਾ। ਅੰਮ੍ਰਿਤਸਰ ਸ਼ਹਿਰ ਅੰਦਰ ਪ੍ਰਸ਼ਾਸਨ ਦੀ ਵਧੀਕੀ ਅਤੇ ਭਾਰੀ ਗੋਲੀ-ਵਾਰੀ ਕਾਰਨ ਸਾਰੇ ਪੰਜਾਬ ਅੰਦਰ ਲੋਕਾਂ ਦਾ ਗੁੱਸਾ ਵੱਧ ਗਿਆ। ਸਾਰੇ ਥਾਵਾਂ ਤੇ ਰੋਸ, ਹੜਤਾਲਾਂ ਅਤੇ ਲੋਕ ਰੋਹ ਭੜਕ ਪਏ।

ਜੱਲ੍ਹਿਆ ਵਾਲੇ ਬਾਗ ਦੀ ਘਟਨਾ: ਅੰਮ੍ਰਿਤਸਰ ਘਟਨਾ ਦੀ ਇਤਲਾਹ ਪੰਜਾਬ ਦੇ ਲੈਫ:ਗਵਰਨਰ ਵੱਲੋਂ 12 ਅਪ੍ਰੈਲ ਨੂੰ ਸ਼ਿਮਲੇ ਭੇਜੀ ਗਈ। ਜਵਾਬ 'ਚ ਹਦਾਇਤ ਮਿਲੀ ਕਿ ਜੇਕਰ ਫੌਜ ਨੂੰ ਗੋਲੀ ਚਲਾਉਣੀ ਪਈ ਤਾਂ ਮਿਸਾਲੀ ਹੋਣੀ ਚਾਹੀਦੀ ਹੈ। ਇਨ੍ਹਾਂ ਉਪਰੋਕਤ ਘਟਨਾਵਾਂ ਤੋਂ ਪਤਾ ਚਲਦਾ ਹੈ, 'ਕਿ ਸਮੁੱਚੀ ਗੋਰੀ ਸਰਕਾਰ ਲੋਕਾਂ ਨੂੰ ਸਬਕ ਸਿਖਾਉਣ ਲਈ ਪੂਰੀ ਤਰ੍ਹਾਂ ਵਹਿਸ਼ੀਆਨਾ ਅਤੇ ਹਰ ਤਰ੍ਹਾਂ ਦੇ ਬਲ ਦਾ ਪ੍ਰਯੋਗ ਕਰਕੇ ਪਹਿਲਾਂ ਹੀ ਤਿਆਰ ਬੈਠੀ ਹੋਈ ਸੀ। ਜੱਲ੍ਹਿਆ-ਵਾਲੇ ਬਾਗ਼ ਦੀ ਘਟਨਾ ਉਪਰੋ ਲੈਕੇ ਹੇਠਾਂ ਤਕ ਅੰਗਰੇਜ਼ੀ ਹਾਕਮਾਂ ਨੇ ਪਹਿਲਾ ਹੀ 24 ਘੰਟੇ ਕੱਥੀ ਹੋਈ ਸੀ ? 12-ਅਪ੍ਰੈਲ ਸ਼ਾਮ ਨੂੰ ਜਨਰਲ-ਡਾਇਰ ਨੇ ਸ਼ਹਿਰ ਅੰਦਰ ਸਾਰੀਆਂ ਮੀਟਿੰਗਾਂ ਨੂੰ ਬੰਦ ਕਰਨ ਦਾ ਐਲਾਨ ਕੀਤਾ, ਪਰ ਇਸ ਦੀ ਇਤਲਾਹ ਸ਼ਹਿਰ ਦੇ ਸਾਰੇ ਹਿੱਸਿਆ ਵਿੱਚ ਨਹੀਂ ਪੁੱਜੀ। ਜਦਕਿ ਲੋਕਾਂ ਵੱਲੋਂ 13-ਅਪ੍ਰੈਲ ਨੂੰ ਜੱਲ੍ਹਿਆਂ-ਵਾਲਾ ਬਾਗ ਅੰਦਰ ਜਲਸਾ ਕਰਨ ਦਾ ਢੰਡੋਰਾ ਪਿਟਿਆ ਜਾ ਚੁੱਕਾ ਸੀ ? 13-ਅਪ੍ਰੈਲ ਨੂੰ ਇਕ ਵੱਜੇ ਡਾਇਰ ਨੂੰ ਪਤਾ ਚਲ ਗਿਆ ਕਿ ਸ਼ਾਮ ਸਾਢੇ ਚਾਰ ਵੱਜੇ ਬਾਗ ਅੰਦਰ ਜਲਸਾ ਕੀਤਾ ਜਾ ਰਿਹਾ ਹੈ। ਡਾਇਰ ਨੇ ਇਸ ਨੂੰ ਆਪਣੇ ਹੁਕਮਾਂ ਦੀ ਖਿਲਾਫ ਵਰਜੀ ਸਮਝੀ ਅਤੇ ਫੌਜੀਆਂ ਦਾ ਮੁਸੱਲਾ ਦਸਤਾ ਜੋ ਪੂਰੀ ਤਰ੍ਹਾਂ ਲੈਸ ਸੀ ਲੈ ਕੇ ਜਲਸੇ ਵਾਲੀ ਥਾਂ ਪੁੱਜ ਗਿਆ।

13 ਅਪ੍ਰੈਲ ਵਿਸਾਖੀ ਦਾ ਦਿਨ ਸੀ। ਇਸ ਮੇਲੇ ਤੇ ਬਹੁਤ ਸਾਰੇ ਸ਼ਰਧਾਲੂ, ਪਸ਼ੂ ਮੰਡੀ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਦੂਰੋ ਦੂਰੋ ਸ਼ਹਿਰ ਪੁਜੇ ਹੋਏ ਸਨ। ਬਹੁਤ ਸਾਰੇ ਲੋਕ ਸਸਤਾਉਣ ਲਈ ਹਰਿਮੰਦਰ ਸਾਹਿਬ ਦੇ ਲਾਗੇ ਜੱਲ੍ਹਿਆਂਵਾਲੇ ਬਾਗ ਦੀ ਖੁਲ੍ਹੀ ਜਗਾ ਆਰਾਮ ਕਰਨ ਲਈ ਬੈਠੇ ਹੋਏ ਸਨ। ਇਕ ਅਨੁਮਾਨ ਅਨੁਸਾਰ 25-ਹਜ਼ਾਰ ਤੋਂ ਵੱਧ ਭੀੜ ਇਸ ਬਾਗ਼ ਵਿੱਚ ਇਕੱਠੀ ਹੋਈ ਸੀ। ਬਾਗ ਅੰਦਰ ਸ਼ਹਿਰੀਆਂ ਵੱਲੋ ਜਲਸਾ ਹੋ ਰਿਹਾ ਸੀ ਅਤੇ ਆਗੂ ਭਾਸ਼ਣ ਕਰ ਰਹੇ ਸਨ। ਤੁਰੰਤ ਬਿਨਾਂ ਕਿਸੇ ਭੜਕਾਹਟ ਅਤੇ ਵਾਰਨਿੰਗ ਦੇ ਜਨਰਲ ਡਾਇਰ ਆਪਣੇ ਫੌਜੀ ਦਸਤਿਆਂ ਨਾਲ ਬਾਗ ਦੇ ਇਕੋ ਇਕ ਰਸਤੇ, ਜੋ ਭੀੜਾ ਸੀ ਰਾਹੀਂ ਬੜੀ ਬੇਦਿਲੀ, ਮਾਯੂਸੀ ਅਤੇ ਸਬਕ ਸਿਖਾਉਣ ਦੀ ਮਨਸਾਂ ਨਾਲ ਫੌਜੀ ਦਸਤਿਆਂ ਨਾਲ ਅੰਦਰ ਦਾਖਲ ਹੋ ਕੇ ਪੁਜੀਸ਼ਨਾਂ ਲੈ ਕੇ ਮਸ਼ੀਨ ਗੰਨਾਂ ਜੋ ਪਹਿਲਾ ਹੀ ਭਰੀਆ ਹੋਈ ਸਨ, ਇਕੱਠ ਵਲ ਗੋਲੀ ਦਾ ਹੁਕਮ ਦੇ ਦਿੱਤਾ। 10-15 ਮਿੰਟ ਗੋਲੀਆਂ ਚਲਦੀਆਂ ਰਹੀਆਂ ਅਤੇ ਕੁਲ 1650 ਰੌਂਦ ਚਲਾਏ ਗਏ। ਡਾਇਰ ਵੱਲੋਂ ਇਹ ਗੋਲੀ ਉਨਾਂ ਚਿਰ ਚਲਾਉਣੀ ਜਾਰੀ ਰੱਖੀ ਜਿਨਾਂ ਚਿਰ ਰੌਂਦ ਮੁਕ ਨਾ ਗਏ। ਕਿਉਂਕਿ ਬਾਗ ਦਾ ਇਕ ਹੀ ਰਸਤਾ ਸੀ, 'ਹਰ ਪਾਸੇ ਮਨੁੱਖੀ ਲਾਸ਼ਾ ਅਤੇ ਜਖ਼ਮੀਆਂ ਦੇ ਢੇਰ ਲੱਗੇ ਹੋਏ ਸਨ। ਬਹੁਤ ਸਾਰੇ ਲੋਕ ਬਚਦੇ ਇਕ ਖੂਹ ਵਿੱਚ ਡਿਗ ਕੇ ਮਰ ਗਏ। 13-ਅਪ੍ਰੈਲ 1919 ਦੀ ਇਹ ਘਟਨਾ ਦੁਨੀਆਂ ਅੰਦਰ ਸਾਮਰਾਜੀ ਬਰਤਾਨਵੀ ਬਸਤੀਵਾਦੀਆਂ ਦੇ ਕਾਹਿਰ ਦੀ ਹੱਦੋ ਵੱਧ ਕਾਇਰਤਾ, ਬੁਜ਼ਦਿਲੀ ਅਤੇ ਨਸਲਪ੍ਰਸਤੀ ਦੀ ਬਰਬਰਤਾ ਵਾਲੀ ਅਸੱਭਿਅਕ ਕਰਤੂਤ ਸੀ।

"25-ਅਗਸਤ 1919 ਨੂੰ ਡਾਇਰ ਦੇ ਆਪਣੇ ਬਿਆਨ 'ਕਿ ਮੈਂ ਫਾਇਰ ਕੀਤਾ ਅਤੇ ਉਨਾ ਚਿਰ ਕਰਦਾ ਰਿਹਾ ਜਿੰਨਾ ਚਿਰ ਸਾਰਾ ਹਜੂਮ ਤਿੱਤਰ ਬਿੱਤਰ ਨਾ ਹੋ ਗਿਆ।"

ਫਾਇਰ ਬੰਦ ਹੋਣ ਬਾਦ ਫੌਜੀ ਦਸਤੇ ਜੋ ਡਾਇਰ ਦੀ ਅਗਵਾਈ ਵਿੱਚ ਗੋਰਖੇ ਸਿਪਾਹੀ ਤੇ ਕੁਝ ਗੋਰੇ ਫੌਜੀ ਅਫਸਰ ਸਨ, 'ਵਾਪਸ ਪਰਤ ਗਏ। ਬਾਗ ਅੰਦਰ ਮਨੁੱਖੀ ਲਾਸ਼ਾਂ, ਜ਼ਖਮੀ ਅਤੇ ਮੌਤ ਤੇ ਮੂੰਹ ਤੋਂ ਬਚੇ ਲੋਕੀ ਹਾਏ ਪਾਣੀ, ਹਾਏ ਪਾਣੀ ਦੀ ਪੁਕਾਰ ਕਰ ਰਹੇ ਸਨ ! ਪਰ ਪਾਣੀ ਦੇਣ ਵਾਲਾ ਕੋਈ ਨਹੀਂ ਸੀ ! ਹਰ ਪਾਸੇ ਦਹਿਸ਼ਤ ਅਤੇ ਖੌਫ਼ਜ਼ਦਾ ਦਾ ਮਾਹੌਲ ਸੀ। ਕੁਝ ਲੋਕਾਂ, ਜੱਥੇਬੰਦੀਆਂ ਅਤੇ ਵਲੰਟੀਅਰਾਂ ਨੇ ਸਾਰੀ ਰਾਤ ਲਾਸ਼ਾਂ ਸਾਂਭਣ ਅਤੇ ਜ਼ੁਖ਼ਮੀਆਂ ਦੀ ਦੇਖਭਾਲ ਦੀ ਡਿਊਟੀ ਨਿਭਾਈ। ਸਾਰੀ ਰਾਤ ਜਿਵੇਂ ਜਿਵੇਂ ਲੋਕਾਂ ਨੂੰ ਇਸ ਵਾਰਦਾਤ ਦਾ ਪਤਾ ਚੱਲਿਆ,'ਲੋਕ ਆਪਣੇ ਵਾਰਸਾਂ ਦੀ ਭਾਲ ਵਿੱਚ ਬਾਗ ਵਲ ਜਾਂਦੇ ਰਹੇ! ਮਰਨ ਵਾਲੇ, ਜ਼ਖਮੀ ਅਤੇ ਗਵਾਚੇ ਤੇ ਨਾਮਲੂਮ ਲੋਕਾਂ ਬਾਰੇ ਸਰਕਾਰ ਤੋਂ ਬਿਨ੍ਹਾਂ ਤੇ ਗੈਰ ਸਰਕਾਰੀ ਇਨਕੁਆਰੀ ਕਮੇਟੀਆਂ ਦੀਆਂ ਵੱਖੋ ਵੱਖ ਰਿਪੋਰਟਾਂ ਸਾਹਮਣੇ ਆਈਆਂ ? ਮਰਨ ਵਾਲੇ ਸਿੱਖ, ਹਿੰਦੂ, ਮੁਸਲਮਾਨ, ਇਸਤਰੀਆਂ ਅਤੇ ਬੱਚੇ ਸਨ। ਇਕ ਰਿਪੋਰਟ ਅਨੁਸਾਰ 406 ਮਰਨ ਵਾਲੇ ਲੋਕਾਂ ਦੀ ਜਾਣਕਾਰੀ ਹੀ ਮਿਲਦੀ ਹੈ। ਜਿਨ੍ਹਾਂ ਵਿੱਚ 42 ਛੋਟੇ-ਛੋਟੇ ਬੱਚੇ ਅਤੇ ਇਕ ਬੱਚਾ ਕੇਵਲ 7-ਮਹੀਨੇ ਦਾ ਸੀ ਜੋ ਸਾਮਰਾਜੀਆਂ ਦੀ ਗੋਲੀ ਦਾ ਸ਼ਿਕਾਰ ਹੋਇਆ ਸੀ।

ਜੱਲਿਆ-ਵਾਲੇ ਬਾਗ ਦੇ ਸਾਕੇ ਬਾਦ ਸ਼ਹਿਰ 'ਚ ਮਾਰਸ਼ਲ ਲਾਅ ਅਤੇ ਕਰਫਿਊ ਲਾ ਦਿੱਤਾ ਜੋ, 4-ਜੂਨ 1919 ਤੱਕ ਜਾਰੀ ਰਿਹਾ। ਇਸ ਕਹਿਰ ਸਮੇਂ ਲੋਕਾਂ ਦੀ ਕੁੱਟਮਾਰ, ਬੈਂਤ ਮਾਰਨੇ, ਗਲੀਆਂ 'ਚ ਸ਼ਹਿਰੀਆਂ ਨੂੰ ਢਿੱਡ ਪਰਨੇ ਚੱਲਣ ਦੇ ਹੁਕਮ, ਗੋਰਿਆ ਨੂੰ ਸਲਾਮੀ ਕਰਨੀ, ਝੂਠੇ ਕੇਸ ਬਣਾਉਣੇ, ਇਸਤਰੀਆਂ ਨੂੰ ਵੀ ਰੀਂਗ ਕੇ ਚੱਲਣ ਲਈ ਹੁਕਮ ਕੀਤੇ ਗਏ। ਲੋਕਾਂ ਨੂੰ ਟੱਟੀ-ਪੇਸ਼ਾਬ ਤੋਂ ਰੋਕਣਾ ਆਦਿ ਸਜ਼ਾਅ ਵਾਲਾ ਮਾਹੌਲ 8-ਦਿਨ ਜਾਰੀ ਰਿਹਾ। ਪੰਜਾਬ ਦੇ ਪੰਜ ਜ਼ਿਲ੍ਹਿਆਂ 'ਚ ਮਾਰਸ਼ਲ ਲਾਇਆ ਗਿਆ। ਕਰਨਲ ਜੌਹਨਸਟਨ 5-ਅਪ੍ਰੈਲ ਤੋਂ 29-ਮਈ ਤਕ ਲਾਹੌਰ ਮਾਰਸ਼ਲ ਲਾਅ ਦਾ ਕਰਤਾ-ਧਰਤਾ ਸੀ। ਲਾਡਰ ਚੈਮਸਫੋਰਟ ਅਤੇ ਮਾਈਕਲ ਉ-ਡਵਾਇਰ ਨੇ 13-ਅਪ੍ਰੈਲ ਦੇ ਸਾਕੇ ਤੋਂ ਬਾਅਦ ਪੰਜਾਬ ਦੀ ਲੋਕਾਂ ਦੀ ਕੋਈ ਸਾਰ ਨਹੀਂ ਲਈ। ਪੰਜਾਬ ਅੰਦਰ ਅੰਮ੍ਰਿਤਸਰ ਅਤੇ ਬਾਕੀ ਥਾਵਾਂ ਤੇ ਸੈਂਸਰ ਹੱਟਣ ਬਾਅਦ ਹੀ ਦੇਸ਼ ਦੇ ਬਾਕੀ ਹਿੱਸਿਆਂ 'ਚ ਜਦ ਖਬਰਾਂ ਪੁਜੀਆਂ, 'ਤਾਂ ਲੋਕ ਦਬਾਅ ਕਾਰਨ ਗੋਰਿਆ ਦੇ ਜ਼ੁਲਮ ਤੇ ਤਸ਼ੱਦਦ ਵਿਰੁਧ ਬਹੁਤ ਸ਼ੋਰ-ਸ਼ਰਾਬਾ ਹੋਇਆ। ਸਰਕਾਰ ਵਿਰੁਧ ਅਤੇ ਕਸੂਰਵਾਰ ਅਫਸਰਾਂ ਦੇ ਵਿਰੁਧ ਐਕਸ਼ਨ ਲੈਣ ਲਈ ਆਖਰ ਸਰਕਾਰ ਨੇ ਲੋਕਾਂ ਦਾ ਮੂੰਹ ਪੂੰਝਣ ਲਈ "ਹੰਟਰ ਪੜਤਾਲੀਆ ਕਮੇਟੀ"ਬਣਾਈ ਜੋ ਸਰਕਾਰੀ ਤਰਜ਼ਮਾਨੀ ਕਰਦੀ ਸੀ।

ਕੁਲ ਹਿੰਦ ਕਾਂਗਰਸ ਕਮੇਟੀ ਨੇ ਪੰ: ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਦਾ ਵੀ ਗਠਨ ਕੀਤਾ। ਕਵੀ ਰਾਬਿੰਦਰ ਨਾਥ ਟੈਗੋਰ ਨੇ ਸਰ ਦਾ ਖਿਤਾਬ ਵਾਪਸ ਕਰ ਦਿੱਤਾ। ਪੰਜਾਬ ਦੇ ਲੋਕਾਂ ਨਾਲ ਗੋਰਿਆ ਦੇ ਇਸ ਕਾਇਰਤਾ ਪੂਰਨ ਅਤੇ ਬਰਬਰਤਾ ਵਾਲੇ ਵਿਵਹਾਰ ਵਿਰੁਧ ਸਾਰੀ ਦੁਨੀਆਂ 'ਚ ਹਾ-ਹਾ-ਕਾਰ ਮੱਚਿਆ ਹੋਇਆ ਸੀ। ਉਥੇ ਹਿੰਦੁਸਤਾਨ ਅੰਦਰ ਬਸਤੀਵਾਦੀ ਸਾਮਰਾਜ ਨੂੰ ਬਚਾਉਣ ਲਈ ਮੋਰਨਿੰਗ ਪੋਸਟ ਅਖਬਾਰ ਨੇ ਜਨਰਲ-ਡਾਇਰ ਨੂੰ ਸ਼ਹਿਨਸ਼ਾਹ ਦੀ ਖਿਦਮਤ ਕਰਨ ਲਈ 30,000 ਪੌਂਡ ਇੱਕਠੇ ਕਰਕੇ ਦਿੱਤੇ। ਹਿੰਦ ਸਰਕਾਰ ਤੇ ਪੰਜਾਬ ਸਰਕਾਰ ਨੇ ਜ਼ਖ਼ਮੀ ਹੋਣ ਵਾਲੇ (ਅੰਮ੍ਰਿਤਸਰ ਲਈ) ਗੋਰਿਆ ਨੂੰ 43,250 ਰੁਪਏ ਸਹਾਇਤਾ, ਮਾਰੇ ਜਾਣ ਵਾਲਿਆ ਨੂੰ 4,00,321.26 ਰੁਪਏ ਸਹਾਇਤਾ ਦਿੱਤੀ। ਜਦਕਿ ਇਸ ਸਾਕੇ 'ਚ ਮਰਨ ਵਾਲੇ ਪੰਜਾਬੀਆਂ ਨੂੰ ਕੁਲ 13840 ਰੁਪਏ ਦਿੱਤੇ ਗਏ। ਇੰਗਲੈਂਡ ਦੀ ਟੋਰੀ ਪਾਰਟੀ ਤੇ ਹਾਊਸ ਆਫ ਲਾਰਡਜ਼ ਦੇ ਬਹੁ-ਮਤ ਮੈਂਬਰਾਂ ਨੇ ਜਨਰਲ ਡਾਇਰ ਦੇ ਹੱਕ ਵਿੱਚ ਮਦਦ ਕੀਤੀ। ਫੌਜੀ ਕੌਂਸਲ ਨੇ ਡਾਇਰ 'ਤੇ ਸਿਰਫ ਗਲਤੀ ਦਾ ਦੋਸ਼ ਲਾਇਆ। ਉਸ ਦੀ ਅੱਧੀ ਤਨਖਾਹ 'ਤੇ ਸੇਵਾਮੁਕਤ ਕਰਨ ਦੀ ਸਿਫਾਰਸ਼ ਕੀਤੀ ਅਤੇ ਅੱਗੋ ਕਿਸੇ ਵੀ ਨੌਕਰੀ ਤੇ ਨਾ ਲਾਉਣ ਲਈ ਕਿਹਾ! ਇਸ ਖੂਨੀ ਫੌਜੀ ਦੀ ਬਦਲੀ ਕਬਾਇਲੀ ਇਲਾਕੇ 'ਚ ਕੀਤੀ ਗਈ। 23-ਮਾਰਚ 1920 ਨੂੰ ਮਿਲਟਰੀ ਸੈਕਟਰੀ ਨੇ ਡਾਇਰ ਨੂੰ ਦਿੱਲੀ ਸੱਦ ਕੇ ਹੰਟਰ ਕਮੇਟੀ ਦੀ ਰਿਪੋਰਟ ਦਾ ਫੈਸਲਾ ਦੱਸਦੇ ਹੋਏ ਅਤੇ ਫੌਜ ਮੁੱਖੀ ਨੇ ਉਸ ਨੂੰ ਰਿਟਾਇਰ ਹੋਣ ਦਾ ਹੁਕਮ ਸੁਣਾਇਆ। ਫੌਜ ਤੋਂ ਬਰਖਾਸਤੀ ਬਾਦ ਡਾਇਰ ਇੰਗਲੈਂਡ ਚਲਾ ਗਿਆ ਜਿਥੇ ਉਹ ਅਧਰੰਗ ਦਾ ਸ਼ਿਕਾਰ ਹੋ ਕੇ ਮਰ ਗਿਆ। ਇਸ ਜ਼ਾਲਮ ਨਸਲਵਾਦੀ ਫੌਜੀ ਨੂੰ, 'ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਰਬ-ਰਾਹ ਵੱਲੋਂ 13 ਅਪ੍ਰੈਲ 1919 ਦੇ ਵਹਿਸ਼ੀਆਣੇ ਕਾਰੇ ਲਈ ਅਕਾਲ ਤਖਤ ਤੋਂ ਸਿਰੋਪਾ ਦਿੱਤਾ ਸੀ ਅਤੇ ਉਸ ਨੂੰ ਸਿੱਖ ਕਿਹਾ ਗਿਆ ਸੀ।

ਸਰ ਮਾਈਕਲ ਉਡਵਾਇਰ ਜਿਸ ਦੀ ਰੇਖ-ਦੇਖ ਅਧੀਨ ਜੱਲ੍ਹਿਆ ਵਾਲੇ ਬਾਗ ਦਾ ਸਾਕਾ ਵਾਪਰਿਆ ਉਸ ਵੇਲੇ ਪੰਜਾਬ ਦਾ ਗਵਰਨਰ ਸੀ। ਜੱਲ੍ਹਿਆ-ਵਾਲੇ ਬਾਗ ਦੇ ਖੂਨੀਕਾਰੇ ਲਈ ਜ਼ਿੰਮੇਵਾਰ ਉਡਵਾਇਰ 1884 ਵਿੱਚ ਆਈ.ਸੀ.ਐਸ ਪਾਸ ਕਰਕੇ ਪੰਜਾਬ ਦੇ ਸ਼ਾਹਪੁਰ ਦਾ ਮੁੱਖੀ ਨਿਯੁਕਤ ਹੋਇਆ ਸੀ। ਉਹ ਹੂੜ-ਮਤੀ, ਨਾਦਰਸ਼ਾਹੀ ਚਲਾਉਣ ਵਾਲਾ ਪ੍ਰਸ਼ਾਸਕ ਆਇਰਿਸ਼ ਮੂਲ ਦਾ ਗੋਰਾ ਸੀ। ਬਰਤਾਨਵੀ ਸਾਮਰਾਜ ਦਾ ਉਸਰੱਈਆ, ਭਾਰਤੀਆਂ ਨੂੰ ਤਹਿਜ਼ੀਬ ਸਿਖਾਉਣ ਵਾਲਾ ਹੱਠੀ, ਲੋੜ ਤੋਂ ਵੱਧ ਆਤਮ-ਵਿਸ਼ਵਾਸ਼ੀ ਅਤੇ ਅੜਬ ਅਫਸਰ ਸੀ। ਉਹ ਲਾਰੰਸ ਦਾ ਪੈਰੋਕਾਰ ਜਿਹੜਾ ਇਸ ਅਕੀਦੇ ਦਾ ਸੀ, ' ਕਿ ਮੁੱਢ ਵਿੱਚ ਹੀ ਤਾਕਤ ਦੀ ਵਰਤੋਂ ਕਰਨ ਵਾਲਾ ਅਤੇ ਵੇਲੇ ਸਮੇਂ ਘੱਟੋ ਘੱਟ ਤਾਕਤ ਵਰਤ ਕੇ ਸਫਲ ਹੋ ਜਾਂਦਾ ਹੈ। ਪੰਜਾਬ ਦਾ ਗਵਰਨਰ ਬਣਨ ਬਾਦ ਹੋਈਆ ਘਟਨਾਵਾਂ ਗਦਰ-ਪਾਰਟੀ, ਕਿਸਾਨੀ, ਆਜ਼ਾਦੀ ਲਹਿਰਾਂ ਅਤੇ ਅੰਮ੍ਰਿਤਸਰ ਦੇ ਜੱਲ੍ਹਿਆ ਵਾਲਾ ਬਾਗ ਦੀ ਘਟਨਾ ਵੀ ਉਡਵਾਇਰ ਦੇ ਮਨਸੂਬਿਆ ਦੀ ਸੋਚ ਦਾ ਪ੍ਰਗਟਾਵਾ ਸੀ। ਪੰਜਾਬ ਅੰਦਰ ਨਾਦਰਸ਼ਾਹੀ ਰੋਲ ਲਈ ਡਾਇਰ ਤੇ ਉਡਵਾਇਰ ਦੋਨੋ ਹੀ ਸਭ ਤੋਂ ਵੱਧ ਘਿਰਣਤ ਸਮਝੇ ਜਾਣ ਵਾਲੇ ਨਸਵਾਦੀ ਗੋਰੇ ਸਨ। ਇਨ੍ਹਾਂ ਦੋਨੋਂ ਕਾਤਲਾਂ, ਜਿਨ੍ਹਾਂ ਨੇ ਹਿੰਦੁਸਤਾਨੀਆਂ ਦੀ ਬੇਇਜ਼ਤੀ ਤੇ ਜ਼ਲੀਲ ਕੀਤਾ ਸੀ, 'ਦੇ ਕਾਰਿਆ ਦੀ ਸਜ਼ਾਅ ਦੇਣ ਲਈ ਮਹਾਨ ਪੰਜਾਬੀ ਸਪੂਤ (ਸ਼ਹੀਦ) ਊਧਮ ਸਿੰਘ ਨੇ ਭਾਜੀ ਮੋੜਨ ਲਈ ਕਦਮ ਚੁਕਿਆ ! ਜਨਰਲ ਡਾਇਰ ਪਹਿਲਾ ਹੀ ਮਰ ਚੁੱਕਾ ਸੀ, ਜਦਕਿ ਉਡਵਾਇਰ 30 ਮਈ 1919 ਨੂੰ ਗੋਰੀ ਸਰਕਾਰ ਨੇ ਵਾਪਸ ਬੁਲਾ ਗਿਆ ਸੀ, ਜੋ ਲੰਡਨ ਵਿਖੇ ਰਹਿ ਰਿਹਾ ਸੀ। ਕੈਕਸਟਨ ਹਾਲ ਲੰਡਨ, 'ਜਿਥੇ ਇਕ ਮੀਟਿੰਗ ਈਸਟ ਇੰਡੀਆ ਕੰਪਨੀ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਵੱਲੋਂ ਲਾਰਡ ਜੈਟਲੈਂਡ ਦੀ ਪ੍ਰਧਾਨਗੀ ਹੇਠ ਇਹ ਵਿਚਾਰ ਕਰਨ ਲਈ ਹੋ ਰਹੀ ਸੀ, 'ਕੀ ਹਿੰਦੂਸਤਾਨੀਆਂ ਨੂੰ ਹੋਰ ਅਧਿਕਾਰ ਦਿੱਤੇ ਜਾਣ ਜਾਂ ਨਹੀਂ,। 13-ਮਾਰਚ 1940 ਨੂੰ ਜਦੋਂ ਉਡਵਾਇਰ ਭਾਸ਼ਣ ਦੇ ਰਿਹਾ ਸੀ ਤਾਂ ਊਧਮ ਸਿੰਘ ਸ਼ਹੀਦ ਨੇ 21 ਸਾਲ ਬਾਦ ਉਸ ਦਾ ਹਿਸਾਬ-ਕਿਤਾਬ ਪੂਰਾ ਕਰ ਦਿੱਤਾ। ਦੋ ਗੋਲੀਆ ਉਸ ਦੀ ਛਾਤੀ ਵਿੱਚ ਦਾਗੀਆਂ ਗਈਆਂ ਤੇ ਉਹ ਉਥੇ ਹੀ ਚਲ ਵੱਸਿਆ। ਇਸ ਤਰ੍ਹਾਂ ਜੱਲ੍ਹਿਆਂ ਵਾਲੇ ਬਾਗ ਦੇ ਕਾਤਲ ਦਾ ਅੰਤ ਹੋ ਗਿਆ। ਊਧਮ ਸਿੰਘ ਸੁਨਾਮ ਨੂੰ 31-ਜੁਲਾਈ 1940 ਨੂੰ ਫਾਂਸੀ ਦਿੱਤੀ ਗਈ।

1) ਜੱਲ੍ਹਿਆ ਵਾਲੇ ਬਾਗ ਦੇ ਸ਼ਹੀਦ (13-ਅਪ੍ਰੈਲ 1919) ਅੰਮ੍ਰਿਤਸਰ: ਪ੍ਰਾਪਤ ਸੂਚਨਾਵਾਂ ਅਤੇ ਵਸੀਲਿਆਂ ਅਨੁਸਾਰ ਕੁਲ ਮੌਤਾਂ: 406


2) ਮਾਰਸ਼ਲ ਲਾਅ ਹੇਠ ਪੰਜਾਬ ਅੰਦਰ ਸਜ਼ਾਵਾਂ ਦਿੱਤੀਆਂ ਗਈਆਂ ਤੇ ਕੁਲ ਮੁਕੱਦਮੇ ਦਰਜ ਹੋਏ) 114 ਕੇਸ, ਮੁਲਜ਼ਮ ਬਣਾਏ ) 456, ਮੌਤ ਦੀ ਸਜ਼ਾ ) 77, ਉਮਰ ਕੈਦ/ਜਾਇਦਾਦ ਜ਼ਬਤ ਹੋਈ ) 185, ਘੱਟ ਸਜ਼ਾ) 194 ਨੂੰ (ਬਾਦ 'ਚ ਕੁਝ ਸਜ਼ਾਵਾਂ ਘਟਾ ਦਿੱਤੀਆਂ ਗਈਆਂ)।

3) 10 ਅਪ੍ਰੈਲ 1919 ਉਚਾ ਪੁਲ ਅੰਮ੍ਰਿਤਸਰ ਪੁਲੀਸ ਦੀ ਗੋਲੀ 'ਚ ਸ਼ਹੀਦ ) 23

ਇਸ ਤੋਂ ਬਿਨਾਂ ਬਹੁਤ ਸਾਰੇ ਅਜਿਹੇ ਨਾ-ਮਾਲੂਮ ਅਤੇ ਗੁਮਨਾਮ ਸ਼ਹਿਰੀ ਸਨ, 'ਜਿਨ੍ਹਾਂ ਦੀ ਜਾਣਕਾਰੀ ਦਾ ਵੇਰਵਾ ਕਿਤੇ ਵੀ ਨਹੀਂ ਮਿਲਦਾ ਹੈ। ਗੋਰੀ ਸਰਕਾਰ ਨੇ ਪੰਜਾਬੀਆਂ ਨੂੰ ਸਬਕ ਸਿਖਾਉਣ ਲਈ ਹਰ ਤਰ੍ਹਾਂ ਦੇ ਤਸ਼ੱਦਦ ਦਾ ਸਹਾਰਾ ਲਿਆ, ਤਾਂ ਕਿ ਇਹ ਕੌਮ ਉਠ ਨਾ ਸਕੇ। ਉਡਵਾਇਰ ਪੰਜਾਬ ਅੰਦਰ ਉਠ ਰਹੀਆਂ ਹਰ ਤਰ੍ਹਾਂ ਦੀਆਂ ਲਹਿਰਾਂ ਦਾ ਕੱਟੜ ਵਿਰੋਧੀ ਸੀ, 'ਜਿਸਨੇ ਪ੍ਰੈਸ ਦਾ ਵੀ ਗਲਾ ਘੁਟਿਆ। ਗੋਰੀ ਸਰਕਾਰ ਨੇ ਪੰਜਾਬ ਅੰਦਰ ਬਹੁਤ ਸਾਰੇ ਬੂਟ-ਚੱਟ ਅਤੇ ਟੋਡੀ ਵੀ ਪੈਦਾ ਕੀਤੇ ਜੋ ਪੰਜਾਬੀ ਸਮਾਜ ਅੰਦਰ ਹਾਕਮਾਂ ਲਈ ਇਕ ਸੂਤਰ ਧਾਰ ਦਾ ਕੰਮ ਕਰਦੇ ਸਨ। ਪੰਜਾਬ ਅੰਦਰ ਪਨਪ ਰਹੀਆਂ ਜਮਹੂਰੀ ਲਹਿਰਾਂ ਨੂੰ ਦਬਾਉਣ ਲਈ ਇਨ੍ਹਾਂ ਬੂਟ-ਚੱਟ ਅਨਸਰਾਂ ਨੂੰ 'ਤਾਜ' ਦੀ ਵਫ਼ਾਦਾਰੀ ਲਈ ਕਈ ਤਰ੍ਹਾਂ ਦੇ ਲਾਲਚ ਤੇ ਰੁਤਬੇ ਦੇ ਕੇ ਭਰਾ ਮਾਰ ਡਿਊਟੀ ਨਿਭਾਉਣ ਲਈ ਵਰਤਿਆ ਗਿਆ। ਪਰ ਪੰਜਾਬੀਆਂ ਨੇ ਆਪਣੀ ਏਕਤਾ ਨੂੰ ਕਾਇਮ ਰੱਖਿਆ ਅਤੇ ਸਾਮਰਾਜ ਵਿਰੁੱਧ 1947 ਤੱਕ ਜੰਗ ਨੂੰ ਜਾਰੀ ਰੱਖਿਆ ਜੋ ਅੱਜ ਵੀ ਜਾਰੀ ਹੈ !

ਜੱਲ੍ਹਿਆ ਵਾਲੇ ਬਾਗ ਦੇ ਕੌਮੀ ਸਮਾਰਕ, ਇਤਿਹਾਸ ਅਤੇ ਇਸ ਦੀ ਮਾਣ-ਮਰਿਯਾਦਾ ਨੂੰ ਕਾਇਮ ਰੱਖਣ ਅਤੇ ਹਿਫਾਜ਼ਤ ਕਰਨ ਦਾ ਵੀ ਇਕ ਜ਼ਰੂਰੀ ਸਵਾਲ ਹੈ ? ਇਕ ਸਦੀ ਪਹਿਲਾ 13-ਅਪ੍ਰੈਲ, 1919 ਨੂੰ ਭਾਰਤ ਉਪ-ਮਹਾਂਦੀਪ ਦੇ ਧਾਰਮਿਕ ਅਤੇ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਅੰਦਰ ਜੋ ਅਤਿ ਦੁਖਦਾਈ ਘਟਨਾ ਵਾਪਰੀ ਸੀ। ਜਿਸ ਨੇ ਸਮੁਚੀ ਦੁਨੀਆਂ ਅੰਦਰ, 'ਪੁਰ ਅਮਨ ਲੋਕਾਂ ਨੂੰ ਆਪਣੇ ਆਗੂਆਂ ਨੂੰ ਸੁਣਦਿਆ, 'ਪੰਜਾਬੀਆ ਦੇ ਇਕ ਵੱਡੇ ਇਕੱਠ ਤੇ ਖੂਨੀ ਗੋਲੀਆਂ ਚਲਾ ਕੇ, 'ਜ਼ਾਲਮ ਡਾਇਰ ਨੇ ਜਾਂਗਲੀ ਦਹਿਸ਼ਤ ਦਾ ਸਬੂਤ ਦਿੰਦਿਆ ਸੈਂਕੜੇ ਪੰਜਾਬੀਆਂ ਨੂੰ ਨਿਸ਼ਾਨਾ ਬਣਾਇਆ ਸੀ ਤੇ ਹਾਹਾਕਾਰ ਮਚਾ ਦਿੱਤੀ ਸੀ। ਇਸ ਖੂਨੀ ਕਾਂਡ ਅਧੀਨ ਹਿੰਦੂ, ਮੁਸਲਿਮ, ਸਿੱਖ, ਬਜ਼ੁਰਗ, ਨੌਜਵਾਨ, ਇਸਤਰੀਆਂ ਅਤੇ ਬੱਚਿਆਂ ਨੇ ਖੂਨ ਦੇ ਕੇ ਇਕ ਇਤਿਹਾਸ ਰੱਚਿਆ ਸੀ। ਬਸਤੀਵਾਦੀ ਸਾਮਰਾਜੀਆਂ ਦੇ ਇਸ ਮਨੁਖਤਾ ਵਿਰੋਧੀ ਅਤੇ ਅਸੱਭਿਅਕ ਕਾਰਨਾਮਿਆਂ ਦੀ ਘਿਣੌਨੀ ਮਿਸਾਲ ਵਿਰੁੱਧ, 'ਲੋਕ ਨਫ਼ਰਤ ਅਤੇ ਸਾਮਰਾਜ ਵਿਰੋਧੀ ਰੋਹ, 'ਜੋ ਪੰਜਾਬੀਆਂ ਦੀ ਭਾਈਚਾਰਕ ਏਕਤਾ ਦੇ ਪ੍ਰਤੀਕ ਜੱਲ੍ਹਿਆਂਵਾਲੇ-ਬਾਗ ਵੱਜੋ ਆਜ਼ਾਦੀ ਲਈ ਜਿਲਾਈ ਮਿਸ਼ਾਲ ਵੱਜੋ ਇਤਿਹਾਸਕ ਕੌਮੀ ਨਿਸ਼ਾਨੀ ਹੈ। ਉਸ ਦੀ ਮੌਲਿਕਤਾ ਨੂੰ ਸੰਭਾਲਣਾ, ਮੂਲ ਸਪਿਰਟ ਅਤੇ ਇਤਿਹਾਸ ਨੂੰ ਕਾਇਮ ਰੱਖਣਾ ਵੀ ਸਾਡਾ ਫਰਜ ਹੈ। ਇਸ ਇਤਿਹਾਸਕ ਸਮਾਰਕ ਦੀ ਮੂਲ ਸਪਿਰਟ ਨਾਲ ਖੇਡਣ ਪਿਛੇ ਕੰਮ ਕਰਦੇ ਮਨੋਰਥਾਂ ਰਾਹੀ ਇਸ ਦੀ ਦਿਖ ਨੂੰ ਬਿਗਾੜਨ ਦੇ ਯਤਨ ਹੋ ਰਹੇ ਹਨ ? 1958 ਨੂੰ ਡਾ: ਐਮ.ਐਸ. ਰੰਧਾਵਾ ਵੀ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਸ ਇਤਿਹਾਸਕ ਬਾਗ ਦੀ ਦਿਖ ਲਈ ਜੋ ਸਰੂਪ ਦਿੱਤਾ ਸੀ, 'ਨੂੰ ਕਾਇਮ ਰੱਖਣ, ਪੰਡਤ ਪਿਆਰੇ ਮੋਹਣ ਦੀ ਕਿਤਾਬ ਜੱਲ੍ਹਿਆ-ਵਾਲਾ ਬਾਗ ਦੇ ਖੂਨੀ ਬਿਰਤਾਂਤ ਦਾ (ਚਅਹ਼ਲ ਵਕਲਕ;;ਜਰਅ-1919) ਜਿਕਰ ਅਤੇ ਉਸ ਵੇਲੇ ਦੀ ਨਾਨਕ ਸਿੰਘ ਦੀ ਲਿਖੀ ਲੰਬੀ ਕਵਿਤਾ "ਖੂਨੀ ਵਿਸਾਖੀ" ਕੁਝ ਉਹ ਇਤਿਹਾਸਕ ਹਕੀਕੀ ਅਤੇ ਸਚਾਈਆਂ ਹਨ ਜਿਨ੍ਹਾਂ ਅਧਾਰਿਤ ਇਸ ਯਾਦਗਾਰੀ ਧਰੋਹਰ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਮਾਜੂਦਾ ਸਥਿਤੀ ਦਾ ਵਿਰੋਧਾਭਾਸ ਇਹ ਹੈ, " ਕਿ ਹਾਕਮਾਂ ਦੇ ਦੂਰ ਅਤੇ ਮਾੜੇ ਪ੍ਰਭਾਵ ਜੋ ਇਸ ਇਤਿਹਾਸਕ ਯਾਦਗਾਰ ਨੂੰ ਵਿਗਾੜਨਾ ਚਾਹੁੰਦੇ ਹਨ,' ਉਨ੍ਹਾਂ ਪ੍ਰਭਾਵਾਂ ਨੂੰ ਕਾਊਟਰ ਕਰਨ ਲਈ ਸਾਡੇ ਸਾਧਨ ਸੀਮਤ ਹਨ ? ਇਸ ਲਈ ਇਤਿਹਾਸਕਾਰਾਂ, ਖੋਜਕਾਰਾ, ਲੇਖਕਾਂ, ਜਮਹੂਰੀ- ਉਸਾਰੂ ਸੋਚ ਅਤੇ ਸਾਰੀਆਂ ਉਸਾਰੂ ਸੋਚ ਰੱਖਣ ਵਾਲੀਆਂ ਸ਼ਕਤੀਆਂ ਨੂੰ ਜੱਲ੍ਹਿਆ ਵਾਲੇ ਬਾਗ ਦੇ ਇਤਿਹਾਸ, ਧਰੋਹਰ, ਸੰਭਾਲ ਅਤੇ ਆਉਣ ਵਾਲੀਆਂ ਪੀੜੀਆਂ ਲਈ ਇਕ ਰਾਹ ਦੁਸੇਰਾ ਵੱਜੋ ਜੋ ਇਹ ਅਗਵਾਈ ਕਰ ਸੱਕੇ ਨੂੰ ਸੰਭਾਲਣ ਦੀ ਲੋੜ ਹੈ। ਆਓ ! ਜੱਲ੍ਹਿਆ-ਵਾਲੇ ਬਾਗ ਦੇ ਖੂਨੀ ਸਾਕੇ ਦੀ ਪਹਿਲੀ ਸ਼ਤਾਬਦੀ ਵਰ੍ਹੇ 'ਤੇ ਇਸ ਇਤਿਹਾਸਕ ਸਮਾਰਕ ਅਤੇ ਇਤਿਹਾਸ ਨੂੰ ਆਉਣ ਵਾਲੀਆਂ ਪੀੜੀਆਂ ਦੇ ਮਨ੍ਹਾਂ 'ਚ ਸਦੀਵੀ ਯਾਦ ਵੱਜੋਂ ਕਾਇਮ ਰੱਖਣ ਲਈ ਆਪਣਾ ਬਣਦਾ ਯੋਗਦਾਨ ਪਾਈਏ।

## ਚੀਫ ਪ੍ਰਿੰਸੀਪਲ ਸੈਕਟਰੀ ਬਾਰੇ ਪੰਜਾਬ ਸਰਕਾਰ ਦੇ ਦਾਅਵੇ ਹਾਈ ਕੋਰਟ ਵਿੱਚ ਖੁੱਲ੍ਹ ਗਏ




ਚੰਡੀਗੜ੍ਹ, 27 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਯੁਕਤ ਕੀਤੇ ਹੋਏ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਦੀ ਨਿਯੁਕਤੀ ਦੇ ਮਾਮਲੇ ਵਿੱਚ ਸਰਕਾਰ ਦੇ ਦਾਅਵੇ ਹਾਈ ਕੋਰਟ ਵਿੱਚ ਟਿਕ ਨਹੀਂ ਸਕੇ ਜਾਪਦੇ। ਪਟੀਸ਼ਨਰ ਰਮਨਦੀਪ ਨੇ ਕੋਰਟ ਵਿੱਚ ਇੱਕ ਐਫੀਡੇਵਿਟ ਫਾਈਲ ਕਰ ਕੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਵੱਲੋਂ ਸਰਕਾਰ ਦੀਆਂ ਵੱਡੀਆਂ ਮੀਟਿੰਗਾਂ ਵਿੱਚ ਹਿੱਸਾ ਲੈਣ ਦਾ ਵੇਰਵਾ ਪੇਸ਼ ਕਰ ਦਿੱਤਾ ਹੈ।

ਇਸ ਬਾਰੇ ਹਾਈ ਕੋਰਟ ਨੂੰ ਦਿੱਤੇ ਐਫੀਡੇਵਿਟ ਵਿੱਚ ਦੱਸਿਆ ਗਿਆ ਕਿ ਇਸ ਗੈਰ-ਸਰਕਾਰੀ ਅਹੁਦੇ 'ਤੇ ਹੁੰਦੇ ਹੋਏ ਸੁਰੇਸ਼ ਕੁਮਾਰ ਨੇ ਕਈ ਵੱਡੀਆਂ ਬੈਠਕਾਂ ਵਿੱਚ ਹਿੱਸਾ ਲਿਆ ਅਤੇ ਕਈ ਬੈਠਕਾਂ ਦੀ ਅਗਵਾਈ ਕੀਤੀ ਤੇ ਇਨ੍ਹਾਂ ਸਭ ਮਹੱਤਵ ਪੂਰਨ ਬੈਠਕਾਂ ਵਿੱਚ ਲਏ ਗਏ ਫੈਸਲਿਆਂ ਅਤੇ ਤਰੀਕਾਂ ਦਾ ਜ਼ਿਕਰ ਵੀ ਐਫੀਡੇਟਿ ਵਿੱਚ ਕੀਤਾ ਗਿਆ ਹੈ। ਹਾਈ ਕੋਰਟ ਨੇ ਪਟੀਸ਼ਨਰ ਵੱਲੋਂ ਕੀਤੀਆਂ ਬੈਠਕਾਂ ਦੇ ਬਿਓਰੇ ਲੈਣ ਤੋਂ ਬਾਅਦ ਪੰਜਾਬ ਸਰਕਾਰ ਨੂੰ ਜਵਾਬ ਦਾਖਲ ਕਰਨ ਦੇ ਹੁਕਮ ਦਿੱਤੇ ਹਨ। ਚੀਫ ਜਸਟਿਸ ਦੀ ਅਦਾਲਤ ਨੇ ਸਰਕਾਰ ਤੋਂ ਪੁੱਛਿਆ ਸੀ ਕਿ ਸੁਰੇਸ਼ ਕੁਮਾਰ ਕਿਹੜੀਆਂ ਖਾਸ ਤਾਕਤਾਂ ਦੀ ਵਰਤੋਂ ਕਰਦੇ ਹਨ ਅਤੇ ਪੰਜਾਬ ਸਰਕਾਰ ਨੇ ਐਫੀਡੇਵਿਟ 'ਚ ਕਿਹਾ ਸੀ ਕਿ ਸੁਰੇਸ਼ ਕੁਮਾਰ ਕਿਸੇ ਪ੍ਰਬੰਧਕੀ ਸ਼ਕਤੀ ਦੀ ਵਰਤੋਂ ਨਹੀਂ ਕਰਦੇ ਤੇ ਨਾ ਸਰਕਾਰੀ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਹਨ। ਸਰਕਾਰ ਦੇ ਇਸ ਜਵਾਬ ਤੋਂ ਕੋਰਟ ਸੰਤੁਸ਼ਟ ਨਹੀਂ ਸੀ। ਅੱਗੋਂ ਇਸ 'ਚ ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੇ ਵਕੀਲ ਰਮਨਦੀਪ ਨੇ ਬੈਠਕਾਂ ਦਾ ਵੇਰਵਾ ਐਫੀਡੇਵਿਟ ਰਾਹੀਂ ਪੇਸ਼ ਕਰ ਕੇ ਸੁਰੇਸ਼ ਕੁਮਾਰ ਤੇ ਸਰਕਾਰ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ।

## ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਲੰਬੀ ਲਾਈਨ ਵਿੱਚ ਲੱਗਣਾ ਹੀ ਪਵੇਗਾ

ਅੰਮ੍ਰਿਤਸਰ, 27 ਮਾਰਚ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਵਿੱਚ ਆਈ ਸੰਗਤ ਵੱਲੋਂ ਦਰਸ਼ਨ ਕਰਨ ਦੇ ਪ੍ਰਬੰਧਾਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਵੀਂ ਵਿਉਂਤਬੰਦੀ ਕੀਤੀ ਹੈ। ਹਾਲੇ ਤੱਕ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੀ ਸੰਗਤ ਵਿੱਚ ਛੋਟੇ ਬੱਚਿਆਂ ਵਾਲੀਆਂ ਬੀਬੀਆਂ, ਬਜ਼ੁਰਗ, ਅਪਾਹਜ ਅਤੇ ਵੀ ਆਈ ਪੀਜ਼ ਨੂੰ ਗੁਰਦੁਆਰਾ ਲਾਚੀ ਬੇਰ ਵਾਲੇ ਪਾਸੇ ਤੋਂ ਆਸਾਨੀ ਨਾਲ 10 ਮਿੰਟਾਂ ਵਿੱਚ ਦਰਸ਼ਨ ਕਰ ਸਕਣ ਦੀ ਖੁੱਲ੍ਹ ਦੇ ਦਿੱਤੀ ਜਾਂਦੀ ਸੀ, ਅੱਗੇ ਲਈ ਸੰਗਤ ਦੀ ਗਿਣਤੀ ਮੁਤਾਬਕ ਅੱਧੇ ਘੰਟੇ ਤੋਂ ਇੱਕ ਘੰਟਾ ਤੱਕ ਲੱਗ ਸਕਦਾ ਹੈ ਅਤੇ ਬਾਕੀ ਸੰਗਤਾਂ ਭੀੜ ਵਾਲੇ ਦਿਨਾਂ ਵਿੱਚ ਇੱਕ ਤੋਂ ਡੇਢ-ਦੋ



ਘੰਟੇ ਤੱਕ ਦੇ ਸਮੇਂ ਵਿੱਚ ਦਰਸ਼ਨ ਕਰ ਸਕਦੀਆਂ ਹਨ। ਲਾਚੀ ਬੇਰ ਵੱਲੋਂ ਸਿਰਫ ਅਪੰਗ ਵਿਅਕਤੀ, ਜਿਹੜੇ ਬਿਲਕੁਲ ਚੱਲ ਨਹੀਂ ਸਕਦੇ ਅਤੇ ਵ੍ਹੀਲਚੇਅਰ ਉੱਤੇ ਹਨ, ਹੀ ਜਾ ਸਕਣਗੇ।

ਵਰਨਣ ਯੋਗ ਹੈ ਕਿ ਦਰਸ਼ਨ ਕਰਨ ਦੇ ਪ੍ਰਬੰਧ ਦੀ ਗੜਬੜੀ ਤੇ ਮਨਮਰਜ਼ੀਆਂ ਹੋਣ ਕਾਰਨ ਇਹ ਸਖਤੀ ਕਰਨੀ ਪਈ ਹੈ ਤੇ ਇਸ ਦੇ ਬਾਅਦ ਬੱਚਿਆਂ ਵਾਲੀਆਂ ਬੀਬੀਆਂ, ਬਜ਼ੁਰਗਾਂ ਅਤੇ ਵੀ ਆਈ ਪੀਜ਼ ਨੂੰ ਮੁੱਖ ਦਾਖਲਾ ਦੁਆਰ ਤੋਂ ਸੈਂਟਰ ਵਾਲੀ ਲਾਈਨ ਜੰਗਲੇ ਵਿੱਚ ਦੀ ਤੇ ਚੋਬਦਾਰ ਵਾਲੇ ਪਾਸੇ ਤੋਂ ਲੰਘਣਾ ਪਵੇਗਾ ਤੇ ਬਾਕੀ ਸੰਗਤ ਖੱਬੇ ਹੱਥ ਦੇ ਪ੍ਰਵੇਸ਼ ਦੁਆਰ ਤੋਂ ਲੰਘੇਗੀ। ਸਖਤੀ ਕਾਰਨ ਕਿਸੇ ਪੱਤਰਕਾਰ ਨੂੰ ਵੀ ਸੋਨੇ ਦੀ ਸੇਵਾ ਦੀ ਕਵਰੇਜ ਲਈ ਅੰਦਰ ਨਹੀਂ ਜਾਣ ਦਿੱਤਾ ਗਿਆ। ਕੁਝ ਸੰਗਤਾਂ ਨੇ ਇਸ ਬਾਰੇ ਰੋਸ ਜਤਾਇਆ ਹੈ ਕਿ ਲਾਚੀ ਬੇਰ ਵੱਲੋਂ ਦਰਸ਼ਨ ਕਰਨ ਵਿੱਚ ਸਿਰਫ 10-15 ਮਿੰਟ ਲੱਗਦੇ ਸਨ, ਪਰ ਛੋਟੇ-ਛੋਟੇ ਬੱਚਿਆਂ ਨਾਲ ਗਰਮੀ ਦੇ ਵਕਤ ਮੁਸ਼ਕਲ ਆਵੇਗੀ ਅਤੇ ਬਜ਼ੁਰਗਾਂ ਕੋਲੋਂ ਖੜ੍ਹੇ ਨਹੀਂ ਹੋਇਆ ਜਾ ਸਕਣਾ। ਬਾਹਰੋਂ ਆਏ ਕੁਝ ਵੀ ਆਈ ਪੀਜ਼ ਵਿੱਚੋਂ ਲਈ ਫਿਰ ਵੀ ਵੱਖਰੇ ਪ੍ਰਬੰਧ ਹੋ ਸਕਦੇ ਹਨ, ਪਰ ਜਿਨ੍ਹਾਂ ਫਲਾਈਟ ਫੜਨੀ ਹੋਈ, ਉਨ੍ਹਾਂ ਦੀ ਮਜਬੂਰੀ ਦਾ ਕਿਸੇ ਨੇ ਧਿਆਨ ਨਹੀਂ ਕਰ ਸਕਣਾ।

## ਡੀਪੂ ਉੱਤੇ ਕਣਕ ਵੰਡਦੇ ਅਕਾਲੀ ਵਰਕਰ ਨੂੰ ਕਾਂਗਰਸ ਪੱਖੀ ਨੇ ਗੋਲੀ ਮਾਰੀ

ਭਿਖੀਵਿੰਡ, 27 ਮਾਰਚ (ਪੋਸਟ ਬਿਊਰੋ)- ਪਿੰਡ ਬੈਂਕਾ ਵਿੱਚ ਕਣਕ ਵੰਡਦੇ ਅਕਾਲੀ ਸਮਰਥਕ 'ਤੇ ਕਾਂਗਰਸੀ ਸਮਰਥਕ ਨੇ ਛੇ ਸਾਥੀਆਂ ਨਾਲ ਮਿਲ ਕੇ ਗੋਲੀਆਂ ਚਲਾ ਦਿੱਤੀਆਂ। ਇਸ ਨਾਲ ਜ਼ਖਮੀ ਹੋਏ ਗੁਰਬੀਰ ਸਿੰਘ ਨੂੰ ਹਸਪਤਾਲ ਭਰਤੀ ਕਰਾਇਆ ਗਿਆ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਖੇਮਕਰਨ ਦੇ ਪਿੰਡ ਬੈਂਕਾ ਦੇ ਗੁਰਬੀਰ ਸਿੰਘ ਦੀ ਪਤਨੀ ਦੇ ਨਾਂਅ 'ਤੇ ਡੀਪੂ ਹੈ। ਗੁਰਬੀਰ ਸਿੰਘ ਅਕਾਲੀ ਦਲ ਦਾ ਸਮਰਥਕ ਹੈ। ਉਹ ਕੱਲ੍ਹ ਆਪਣੇ ਪਿਤਾ ਗੁਰਮੇਜ ਸਿੰਘ (ਸਾਬਕਾ ਸਰਪੰਚ) ਨਾਲ ਸਰਕਾਰੀ ਯੋਜਨਾ ਦੀ ਕਣਕ ਵੰਡ ਰਿਹਾ ਸੀ। ਇਸੇ ਦੌਰਾਨ ਕਾਂਗਰਸ ਪੱਖੀ ਇੱਕ ਵਿਅਕਤੀ ਹਥਿਆਰਾਂ ਨਾਲ ਲੈਸ ਹੋ ਕੇ ਛੇ ਸਾਥੀਆਂ ਸਮੇਤ ਪਹੁੰਚਿਆ। ਦੋਸ਼ੀਆਂ ਨੇ ਜਬਰੀ ਕਣਕ ਲੈ ਜਾਣੀ ਚਾਹੀ। ਮਨ੍ਹਾ ਕਰਨ 'ਤੇ ਉਨ੍ਹਾਂ ਨੇ ਗੋਲੀਆਂ ਚਲਾ ਦਿੱਤੀਆਂ। ਇੱਕ ਗੋਲੀ ਲੱਗਣ ਨਾਲ ਗੁਰਬੀਰ ਸਿੰਘ ਜ਼ਖਮੀ ਹੋ ਗਿਆ। ਬਚਾਅ ਲਈ ਜਦ ਉਸ ਦਾ ਪਿਤਾ ਗੁਰਮੇਜ ਸਿੰਘ ਅੱਗੇ ਵਧਿਆ ਤਾਂ ਉਸ ਨੂੰ ਵੀ ਕੁੱਟਮਾਰ ਕੀਤੀ ਗਈ। ਡੀ ਐਸ ਪੀ ਸੁਲੱਖਣ ਸਿੰਘ ਮਾਨ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਦੇ ਲਈ ਡਿਊਟੀ ਅਫਸਰ ਪੰਨਾ ਲਾਲ ਨੂੰ ਮੌਕੇ 'ਤੇ ਭੇਜਿਆ ਗਿਆ ਹੈ। ਖੇਮਕਰਨ ਦੇ ਸਾਬਕਾ ਵਿਧਾਇਕ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਦਾ ਕਹਿਣਾ ਹੈ ਕਿ ਸੱਤਾ ਦੇ ਨਸ਼ੇ ਵਿੱਚ ਕਾਂਗਰਸ ਵੱਲੋਂ ਗੁੰਡਾਗਰਦੀ ਕੀਤੀ ਜਾਂਦੀ ਹੈ। ਗੁਰਬੀਰ ਸਿੰਘ 'ਤੇ ਹਮਲਾ ਕਰਨ ਵਾਲੇ ਕਾਂਗਰਸੀ ਵਿਧਾਇਕ ਦੇ ਕਰੀਬੀ ਹਨ। ਕਾਂਗਰਸ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੇ ਕਿਹਾ ਕਿ ਕਾਂਗਰਸ ਨੂੰ ਬਦਨਾਮ ਕਰਨ ਦਾ ਕੋਸ਼ਿਸ਼ ਹੋ ਰਹੀ ਹੈ।

## ਲਿਬਨਾਨ ਵਿੱਚ ਦੇਰ ਰਾਤ ਡੀ ਜੇ ਵਜਾਉਣ ਕਾਰਨ ਚਾਰ ਪੰਜਾਬੀਆਂ ਦੀ ਗੋਲੀ ਮਾਰ ਕੇ ਹੱਤਿਆ



ਭਿਖੀਵਿੰਡ, 27 ਮਾਰਚ (ਪੋਸਟ ਬਿਊਰੋ)- ਲਿਬਨਾਨ ਦੇ ਸ਼ਹਿਰ ਯਾਲਾ ਵਿੱਚ ਐਤਵਾਰ ਰਾਤ ਪਾਰਟੀ ਦੇ ਬਾਅਦ ਆਪਣੇ ਘਰ ਸੁੱਤੇ ਚਾਰ ਪੰਜਾਬੀ ਨੌਜਵਾਨਾਂ ਦੀ ਲਿਬਨਾਨ ਦੇ ਸਥਾਨਕ ਲੋਕਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮਾਰੇ ਗਏ ਨੌਜਵਾਨਾਂ ਵਿੱਚ ਤਰਨ ਤਾਰਨ ਦੇ ਭਿਖੀਵਿੰਡ ਦੇ ਨਜ਼ਦੀਕੀ ਪਿੰਡ ਬਲੇਰ ਦਾ ਗੁਰਲਵਜੀਤ ਸਿੰਘ ਸ਼ਾਮਲ ਹੈ।

ਪਰਵਾਰ ਦੇ ਦੱਸਣ ਮੁਤਾਬਕ ਗੁਰਲਵਜੀਤ ਦੀ ਹੱਤਿਆ ਦੀ ਖਬਰ ਉਨ੍ਹਾਂ ਨੂੰ ਇੱਕ ਰਿਸ਼ਤੇਦਾਰ ਹਰਜਿੰਦਰ ਸਿੰਘ ਨੇ ਦਿੱਤੀ ਹੈ, ਜੋ ਉਸ ਨੂੰ ਅੱਠ ਮਹੀਨੇ ਪਹਿਲਾਂ ਲਿਬਨਾਨ ਲੈ ਕੇ ਗਿਆ ਸੀ। ਹਰਜਿੰਦਰ ਨੇ ਦੱਸਿਆ ਕਿ ਮਾਰੇ ਗਏ ਤਿੰਨ ਬਾਕੀ ਨੌਜਵਾਨਾਂ ਵਿੱਚੋਂ ਦੋ ਤਰਨ ਤਾਰਨ ਦੇ ਪਿੰਡ ਚੀਮਾ ਕਲਾਂ ਤੇ ਪਿੰਡ ਪੱਖੋਕੇ ਅਤੇ ਤੀਸਰਾ ਲੁਧਿਆਣਾ ਦਾ ਹੈ, ਪਰ ਅਜੇ ਤੱਕ ਉਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਹਰਜਿੰਦਰ ਦਾ ਪਰਵਾਰ ਨਾਲ ਦੋ ਦਿਨ ਤੋਂ ਸੰਪਰਕ ਨਹੀਂ ਹੋ ਸਕਿਆ, ਜਿਸ ਕਾਰਨ ਉਨ੍ਹਾਂ ਨੇ ਬੇਟੇ ਦੀ ਲਾਸ਼ ਨੂੰ ਮੰਗਵਾਉਣ ਵਿੱਚ ਕੇਂਦਰ ਸਰਕਾਰ ਅਤੇ ਵਿਦੇਸ਼ ਮੰਤਰਾਲੇ ਤੋਂ ਮਦਦ ਮੰਗੀ ਹੈ।

ਪਤਾ ਲੱਗਾ ਹੈ ਕਿ ਚਾਰੇ ਪੰਜਾਬੀ ਨੌਜਵਾਨਾਂ ਵਿੱਚੋਂ ਇੱਕ ਅਗਲੇ ਕੁਝ ਦਿਨਾਂ ਵਿੱਚ ਪੰਜਾਬ ਆਉਣ ਵਾਲਾ ਸੀ। ਇਸ ਲਈ ਦੋਸਤਾਂ ਨੇ ਸ਼ਨੀਵਾਰ ਸ਼ਾਮ ਪਾਰਟੀ ਰੱਖ ਕੇ ਦੇਰ ਰਾਤ ਤੱਕ ਡੀ ਜੇ ਲਾਇਆ, ਪਰ ਇਸ ਦੀ ਆਵਾਜ਼ ਬਾਰੇ ਉਨ੍ਹਾਂ ਦੀ ਉਥੋਂ ਦੇ ਲੋਕਾਂ ਨਾਲ ਬਹਿਸ ਹੋ ਗਈ। ਮਾਮੂਲੀ ਝਗੜੇ ਪਿੱਛੋਂ ਉਹ ਆਪਣੇ ਕਮਰੇ ਵਿੱਚ ਜਾ ਕੇ ਸੌਂ ਗਏ ਤਦ ਦੂਸਰੀ ਧਿਰ ਦੇ ਲਿਬਨਾਨੀਆਂ ਨੇ ਉਥੇ ਐਤਵਾਰ ਤੜਕੇ ਚਾਰ ਪੰਜਾਬੀਆਂ 'ਤੇ ਗੋਲੀਆਂ ਚਲਾ ਦਿੱਤੀਆਂ।

### ਮਜੀਠੀਏ ਨੇ ਵਰਕਰਾਂ ਨੂੰ ਕਿਹਾ:

## ਭੈਣ ਤਾਂ ਖੜ੍ਹੋ ਗਈ ਬਠਿੰਡੇ ਤੋਂ, ਜੀਜਾ ਫਿਰੋਜ਼ਪੁਰ ਲੈ ਆਈਏ

ਫਿਰੋਜ਼ਪੁਰ, 27 ਮਾਰਚ (ਪੋਸਟ ਬਿਊਰੋ)- ਬਿਕਰਮ ਸਿੰਘ ਮਜੀਠੀਆ ਨੇ ਫਿਰੋਜ਼ਪੁਰ ਦੇ ਅਕਾਲੀ ਵਰਕਰਾਂ ਨੂੰ ਕਿਹਾ ਹੈ ਕਿ 'ਭੈਣ ਤਾਂ ਬਠਿੰਡੇ ਤੋਂ ਖੜੀ ਹੋ ਗਈ ਹੈ, ਉਹ ਫਿਰੋਜ਼ਪੁਰ ਨਹੀਂ ਆਉਣੀ। ਜੀਜੇ ਨੂੰ ਫਿਰੋਜ਼ਪੁਰ ਲੈ ਆਈਏ ਤਾਂ ਕਿੱਦਾਂ ਦਾ ਰਹੂਗਾ?' ਗੁਰੂ ਹਰਸਹਾਏ ਵਿੱਚ ਅਕਾਲੀ ਨੇਤਾ ਵਰਦੇਵ ਸਿੰਘ ਮਾਨ ਉਰਫ ਨੋਨੀ ਮਾਨ ਦੇ ਘਰ ਹੋਈ ਬੈਠਕ ਵਿੱਚ ਵਰਕਰਾਂ ਦੀ ਮੰਗ 'ਤੇ ਇਹ ਗੱਲ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਹੀ।

ਇਸ ਮੌਕੇ ਮਜੀਠੀਆ ਨੇ ਕਿਹਾ ਕਿ ਫਿਰੋਜ਼ਪੁਰ ਲੋਕ ਸਭਾ ਹਲਕੇ ਦੇ ਲੋਕ ਅਕਾਲੀ-ਭਾਜਪਾ ਗਠਜੋੜ ਨਾਲ ਹਨ ਅਤੇ ਕਾਂਗਰਸ ਨੇ ਦੋ ਸਾਲਾਂ ਵਿੱਚ ਪੰਜਾਬ ਨੂੰ ਕੁਝ ਨਹੀ ਦਿੱਤਾ। ਵਰਨਣ ਯੋਗ ਹੈ ਕਿ ਅਕਾਲੀ ਦਲ ਦੇ ਪਾਰਲੀਮੈਂਟ ਮੈਂਬਰ ਸ਼ੇਰ ਸਿੰਘ ਘੁਬਾਇਆ ਨੂੰ ਕੱਢ ਦਿੱਤੇ ਜਾਣ ਪਿੱਛੋਂ ਵਰਕਰ ਫਿਰੋਜ਼ਪੁਰ ਸੀਟ 'ਤੇ ਬਾਦਲ ਪਰਵਾਰ ਵਿੱਚੋਂ ਉਮੀਦਵਾਰ ਦੇਣ ਦੀ ਮੰਗ ਕਰ ਰਹੇ ਹਨ। ਮਜੀਠੀਆ ਨੇ ਵਰਕਰਾਂ ਤੋਂ ਸੁਖਬੀਰ ਸਿੰਘ ਬਾਦਲ ਨੂੰ ਫਿਰੋਜ਼ਪੁਰ ਤੋਂ ਉਮੀਦਵਾਰ ਬਣਾਉਣ ਦੀ ਬਾਰੇ ਪੁੱਛਿਆ ਤਾਂ ਸਭ ਨੇ ਇਸ ਦਾ ਸਮਰਥਨ ਕੀਤਾ। ਉਂਜ ਇਸ ਤੋਂ ਪਹਿਲਾਂ ਮੀਡੀਆ ਨੇ ਇਸ ਗੱਲ ਦੇ ਸੰਕੇਤ ਦੇ ਦਿੱਤੇ ਸਨ ਕਿ ਬਾਦਲ ਪਰਵਾਰ ਫਿਰੋਜ਼ਪੁਰ ਸੀਟ ਬਚਾਉਣ ਲਈ ਜਿਨ੍ਹਾਂ ਚਾਰ ਜੀਆਂ ਵਿੱਚੋਂ ਇੱਕ ਨੂੰ ਉਮੀਦਵਾਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਨ੍ਹਾਂ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਸਭ ਤੋਂ ਅੱਗੇ ਹਨ, ਪਰ ਲੱਗਦਾ ਹੈ ਕਿ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਹੀ ਚੋਣ ਲੜਨ ਵਾਲੀ ਹੈ। ਪਾਰਟੀ ਸਮਝਦੀ ਹੈ ਕਿ ਉਸ ਦੇ ਪ੍ਰਧਾਨ ਲਈ ਫਿਰੋਜ਼ਪੁਰ ਸੀਟ ਸਭ ਤੋਂ ਸੁਰੱਖਿਅਤ ਹੈ, ਕਿਉਂਕਿ ਸੁਖਬੀਰ ਸਿੰਘ ਬਾਦਲ ਇਸ ਲੋਕ ਸਭਾ ਹਲਕੇ ਹੇਠ ਪੈਂਦੇ ਨੌਂ ਵਿਧਾਨ ਸਭਾ ਹਲਕਿਆਂ ਵਿੱਚੋਂ ਜਲਾਲਾਬਾਦ ਸੀਟ ਤੋਂ ਵਿਧਾਇਕ ਹਨ। ਫਿਰੋਜ਼ਪੁਰ ਸੀਟ ਉੱਤੇ ਪਿਛਲੀਆਂ ਪੰਜ ਵਾਰੀਆਂ ਤੋਂ ਅਕਾਲੀ ਦਲ ਦਾ ਕਬਜ਼ਾ ਹੈ। ਇਸ ਲਈ ਇਸ ਸੀਟ 'ਤੇ ਸੁਖਬੀਰ ਸਿੰਘ ਬਾਦਲ ਚੋਣ ਲੜਨ ਤਾਂ ਜਿੱਤਣ ਦੇ ਲਈ ਬਹੁਤਾ ਜ਼ੋਰ ਨਹੀਂ ਲਾਉਣਾ ਹੋਵੇਗਾ।

## ਹਾਈ ਕੋਰਟ ਨੇ ਜੁਡੀਸ਼ਲ ਅਤੇ ਪੁਲਸ ਕਾਰਵਾਈ ਵੇਲੇ ਜਾਤਾਂ ਦਾ ਜ਼ਿਕਰ ਕਰਨ ਤੋਂ ਵਰਜਿਆ

ਚੰਡੀਗੜ੍ਹ, 27 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਕੱਲ੍ਹ 85 ਸਾਲ ਪੁਰਾਣੀ ਬਸਤੀਵਾਦੀ ਯੁੱਗ ਦੀ ਰਿਵਾਇਤ ਖਤਮ ਕਰਦੇ ਹੋਏ ਜੱਜਾਂ, ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਅਤੇ ਯੂ ਟੀ ਚੰਡੀਗੜ੍ਹ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕੋਰਟ ਅੱਗੇ ਰੱਖੇ ਜਾਣ ਵਾਲੀ ਕਿਸੇ ਵੀ ਕਾਰਵਾਈ ਵਿੱਚ ਮੁਲਜ਼ਮ, ਪੀੜਤ ਜਾਂ ਗਵਾਹਾਂ ਦੀ ਜਾਤ ਬਾਰੇ ਕੋਈ ਜ਼ਿਕਰ ਨਹੀਂ ਕਰਨਗੇ ਅਤੇ ਜਾਤ ਦੇ ਜ਼ਿਕਰ ਤੋਂ ਬਗੈਰ ਕਾਨੂੰਨੀ ਕਾਰਵਾਈ ਹੋਵੇਗੀ।

ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਕੁਲਦੀਪ ਸਿੰਘ ਦੇ ਡਵੀਜ਼ਨ ਬੈਂਚ ਨੇ ਕਿਹਾ ਹੈ ਕਿ 'ਅਪਰਾਧਿਕ ਕੇਸ ਦੀ ਕਾਰਵਾਈ ਵਿੱਚ ਜਾਤ/ ਦਰਜੇ ਦਾ ਵੱਖਰਾ ਜ਼ਿਕਰ ਕਰਨਾ ਬਸਤੀਵਾਦੀ ਯੁੱਗ ਦੀ ਵਿਰਾਸਤ ਹੈ, ਜਿਸ ਨੂੰ ਫੌਰੀ ਖਤਮ ਕਰਨ ਦੀ ਲੋੜ ਹੈ।' ਜਸਟਿਸ ਸ਼ਰਮਾ ਨੇ ਦੋਵਾਂ ਰਾਜਾਂ ਦੇ ਗ੍ਰਹਿ ਸਕੱਤਰਾਂ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਆਪਣੇ ਮਾਤਹਿਤਾਂ ਨੂੰ ਇਸ ਬਾਰੇ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਲਈ ਕਿਹਾ ਤੇ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਵੀ ਸਾਰੇ ਜੱਜਾਂ ਨੂੰ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਆਜ਼ਾਦੀ ਤੋਂ ਪਹਿਲਾਂ ਸਾਲ 1934 ਵਿੱਚ ਅੰਗਰੇਜ਼ਾਂ ਦੇ ਰਾਜ ਦੌਰਾਨ ਪੰਜਾਬ ਪੁਲਸ ਦੇ ਨੇਮਾਂ ਵਿੱਚ ਹਰ ਕੇਸ ਵਿੱਚ ਸ਼ਿਕਾਇਤ ਕਰਤਾ ਤੇ ਦੋਸ਼ੀ ਦੀ ਜਾਤ ਦਾ ਵਿਸ਼ੇਸ਼ ਜ਼ਿਕਰ ਲਾਜ਼ਮੀ ਕਰਾਰ ਦਿੱਤਾ ਗਿਆ ਸੀ। 1947 ਵਿੱਚ ਦੇਸ਼ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਹੋ ਗਿਆ, ਪਰ ਪੁਲਸ ਪ੍ਰਬੰਧ ਨੂੰ ਇਸ ਰਿਵਾਜ ਤੋਂ ਨਿਜਾਤ ਨਹੀਂ ਮਿਲੀ। ਹਾਈ ਕੋਰਟ ਵਿੱਚ ਇਹ ਮੁੱਦਾ ਪਹਿਲਾਂ ਵੀ ਦੋ ਵਾਰ ਉਠਾਇਆ ਗਿਆ ਹੈ, ਪਰ ਫਰਕ ਨਹੀਂ ਸੀ ਪਿਆ। ਹਾਈ ਕੋਰਟ ਨੇ ਤਾਜ਼ਾ ਹੁਕਮ ਇਕ ਕਤਲ ਕੇਸ ਦੀ ਸੁਣਵਾਈ ਵੇਲੇ ਕੀਤੇ ਹਨ, ਜਿਥੇ ਹਰਿਆਣਾ ਪੁਲਸ ਨੇ ਕੇਸ ਦੀ ਜਾਂਚ ਵਿੱਚ ਮੁਲਜ਼ਮ, ਗਵਾਹਾਂ ਅਤੇ ਪੀੜਤਾਂ ਦੀ ਜਾਤ ਦਾ ਵਿਸ਼ੇਸ਼ ਜ਼ਿਕਰ ਕੀਤਾ ਸੀ।

## ਪੰਜਾਬ ਵਿੱਚ ਛੇ ਵੋਟਰਾਂ ਦੀ ਉਮਰ 265 ਸਾਲ !

ਜਲੰਧਰ, 27 ਮਾਰਚ (ਪੋਸਟ ਬਿਊਰੋ)- ਚੋਣ ਕਮਿਸ਼ਨ ਦੀਆਂ ਵੋਟਰ ਸੂਚੀਆਂ ਮੁਤਾਬਕ ਪੰਜਾਬ ਵਿੱਚ ਛੇ ਵੋਟਰ ਅਜਿਹੇ ਹਨ, ਜਿਨ੍ਹਾਂ ਦੀ ਉਮਰ 265 ਸਾਲ ਹੈ। ਕੁਝ 247 ਅਤੇ ਕੁਝ 242 ਸਾਲ ਵਾਲੇ ਵੀ ਹਨ। ਹੈਰਾਨੀ ਦੀ ਗੱਲ ਹੈ ਕਿ ਚੋਣ ਕਮਿਸ਼ਨ ਅਨੁਸਾਰ ਇਹ ਸਾਰੇ ਜਿਊਂਦੇ ਹਨ ਤੇ 19 ਮਈ ਨੂੰ ਹੋ ਰਹੀ ਵੋਟਿੰਗ 'ਚ ਵੀ ਹਿੱਸਾ ਲੈਣਗੇ। ਵਿਸ਼ਵ ਬੈਂਕ ਦੇ ਹਿਸਾਬ ਨਾਲ ਭਾਰਤ 'ਚ ਇਸ ਸਮੇਂ ਦੌਰਾਨ ਇਨਸਾਨ ਦੀ ਔਸਤ ਉਮਰ ਕਰੀਬ ਸਾਢੇ 68 ਸਾਲ ਹੈ ਤਾਂ ਏਨੀ ਵੱਡੀ ਉਮਰ ਦੇ ਵੋਟਰਾਂ ਦੇ ਜਿਊਂਦੇ ਹੋਣ ਦਾ ਦਾਅਵਾ ਕਰਿਸ਼ਮੇ ਤੋਂ ਘੱਟ ਨਹੀਂ। ਇਕ ਪੰਜਾਬੀ ਅਖਬਾਰ ਨੇ ਵੋਟਰ ਸੂਚੀ ਦੇ ਇਸ ਦਾਅਵੇ ਦੀ ਪੜਤਾਲ ਕੀਤੀ ਤਾਂ ਗੜਬੜ ਸਾਹਮਣੇ ਆਈ। ਇਸ ਨੂੰ ਚੋਣ ਅਧਿਕਾਰੀ 'ਕਲੈਰੀਕਲ' ਗਲਤੀ ਦੱਸਦੇ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ ਕਰੁਣਾ ਰਾਜੂ ਨੇ ਕਿਹਾ ਕਿ ਇਹ ਸ਼ਾਇਦ ਡਾਟਾ ਫੀਡ ਕਰਨ ਵੇਲੇ ਗਲਤੀ ਹੋਈ ਹੈ। ਪੰਜਾਬ ਸਟੇਟ ਈ-ਗਵਰਨੈਂਸ ਸੁਸਾਇਟੀ ਨੇ ਸਾਰੇ ਜ਼ਿਲਿਆਂ ਦੇ ਚੋਣ ਤਹਿਸੀਲਦਾਰਾਂ ਨੂੰ ਸੂਚੀਆਂ ਭੇਜੀਆਂ ਤਾਂ ਇਨ੍ਹਾਂ ਵਿੱਚ 117 ਵਿਧਾਨ ਸਭਾ ਹਲਕਿਆਂ 'ਚ ਸੌ ਸਾਲ ਤੋਂ ਵੱਧ ਉਮਰ ਦੇ 5917 ਵੋਟਰ ਦੱਸੇ ਗਏ ਹਨ।

## ਨਿਰੰਕਾਰੀ ਭਵਨ ਕਾਂਡ ਦਾ ਚਾਲਾਣ ਤੈਅ ਸਮੇਂ 'ਚ ਪੇਸ਼ ਨਹੀਂ ਕੀਤਾ

ਅੰਮ੍ਰਿਤਸਰ, 27 ਮਾਰਚ (ਪੋਸਟ ਬਿਊਰੋ)- ਰਾਜਾਸਾਂਸੀ ਨਿਰੰਕਾਰੀ ਭਵਨ 'ਤੇ ਹਮਲੇ ਦੇ ਕੇਸ 'ਚ ਪੁਲਸ ਦੀ ਲਾਪਰਵਾਹੀ ਨਿਕਲੀ ਹੈ। ਤੈਅ ਸਮੇਂ 'ਚ (90 ਦਿਨਾਂ ਦੇ ਅੰਦਰ) ਚਲਾਨ ਕੋਰਟ 'ਚ ਪੇਸ਼ ਨਹੀਂ ਕੀਤਾ ਗਿਆ। ਪੁਲਸ ਨੇ ਅਜਨਾਲਾ ਦੀ ਕੋਰਟ ਨੂੰ ਅਪੀਲ ਕੀਤੀ ਸੀ ਕਿ ਉਹ ਹੋਰ ਪੁੱਛਗਿੱਛ ਕਰਨਾ ਚਾਹੁੰਦੀ ਹੈ, ਇਸ ਲਈ ਉਨ੍ਹਾਂ ਵੱਲੋਂ ਚਲਾਨ ਕੋਰਟ ਵਿੱਚ ਪੇਸ਼ ਕਰਨ ਦਾ ਸਮਾਂ 90 ਦਿਨ ਤੋਂ ਵਧਾ ਕੇ 180 ਦਿਨ ਕਰ ਦਿੱਤਾ ਜਾਵੇ। ਅਜਨਾਲਾ ਅਦਾਲਤ ਨੇ 13 ਫਰਵਰੀ ਨੂੰ ਪੁਲਸ ਦੀ ਅਰਜ਼ੀ ਨੂੰ ਮੰਨਦੇ ਹੋਏ ਚਲਾਨ ਇਸ ਦੀ ਮਿਆਦ 90 ਦਿਨ ਵਧਾ ਦਿੱਤੀ ਸੀ। ਮੁਲਜ਼ਮਾਂ ਦੇ ਵਕੀਲਾਂ ਨੇ ਰਿਟ ਦਰਜ ਕੀਤੀ ਕਿ ਅਜਨਾਲਾ ਅਦਾਲਤ ਕੋਲ ਚਲਾਨ ਟੂ ਕੋਰਟ ਕਰਨ ਦੀ ਸਮਾਂ ਹੱਦ ਵਧਾਉਣ ਦਾ ਅਧਿਕਾਰ ਨਹੀਂ ਹੈ।

ਅਦਾਲਤ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਦੋਸ਼ੀ ਬਿਕਰਮ ਸਿੰਘ 19 ਫਰਵਰੀ ਤੇ ਅਵਤਾਰ ਸਿੰਘ 23 ਫਰਵਰੀ ਨੂੰ ਕਾਨੂੰਨੀ ਹਿਰਾਸਤ 'ਚ ਰਹਿੰਦੇ ਹੋਏ 90 ਦਿਨ ਪੂਰੇ ਕਰ ਚੁੱਕੇ ਹਨ। ਆਉਣ ਵਾਲੇ ਦਿਨਾਂ 'ਚ ਦੋਵੇਂ ਮੁਲਜ਼ਮ ਜ਼ਮਾਨਤ ਅਰਜ਼ੀਆਂ ਦਰਜ ਕਰ ਸਕਦੇ ਹਨ।


## ਜਿਮ ਤੋਂ ਮੁੜਦਾ ਐੱਨ ਆਰ ਆਈ ਦਾ ਪੁੱਤ ਗੋਲੀਆਂ ਮਾਰ ਕੇ ਮਾਰ ਦਿੱਤਾ

ਜੰਡਿਆਲਾ ਗੁਰੂ, 27 ਮਾਰਚ (ਪੋਸਟ ਬਿਊਰੋ)- ਜਿਮ ਤੋਂ ਦੋਸਤ ਨਾਲ ਮੁੜਦੇ ਐਨ ਆਰ ਆਈ ਦੇ ਬੇਟੇ ਜਗਦੇਵ ਸਿੰਘ ਲਾਡੀ (26) ਦੀ ਬਾਈਕ ਸਵਾਰ ਤਿੰਨ ਹਥਿਆਰਬੰਦਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

ਪਿੰਡ ਦੀਨੇਵਾਲ ਵਾਸੀ ਤਰਲੋਚਨ ਸਿੰਘ 15 ਸਾਲ ਤੋਂ ਯੂ ਕੇ ਵਿੱਚ ਰਹਿ ਰਿਹਾ ਹੈ। ਤਰਲੋਚਨ ਸਿੰਘ ਦੀ ਪਤਨੀ ਬਲਵਿੰਦਰ ਕੌਰ ਆਪਣੇ ਲੜਕੇ ਜਗਦੇਵ ਸਿੰਘ ਲਾਡੀ, ਲੜਕੀ ਸਿਮਰਨ ਕੌਰ ਦੇ ਨਾਲ ਪਿੰਡ ਵਿੱਚ ਰਹਿੰਦੀ ਹੈ। ਜਗਦੇਵ ਸਿੰਘ ਲਾਡੀ ਦਾ ਦੋ ਮਹੀਨੇ ਪਹਿਲਾਂ ਵਿਆਹ ਹੋਇਆ ਸੀ। ਲਾਡੀ ਆਪਣੇ ਬੁਲੇਟ ਮੋਟਰ ਸਾਈਕਲ 'ਤੇ ਜੰਡਿਆਲਾ ਗੁਰੂ ਵਿੱਚ ਜਿਮ 'ਤੇ ਗਿਆ। ਉਸ ਦੇ ਨਾਲ ਉਸ ਦਾ ਦੋਸਤ ਸੁਖਰਾਜ ਸਿੰਘ ਵੀ ਸੀ। ਦੁਪਹਿਰ ਕਰੀਬ 12.30 ਵਜੇ ਜਿਮ ਤੋਂ ਵਾਪਸ ਮੁੜਦੇ ਸਮੇਂ ਥਾਣਾ ਵੈਰੋਵਾਲ ਦੀ ਹਦਬੰਦੀ ਵਿੱਚ ਪਿੰਡ ਏਕਲਗੱਡਾ ਨੇੜੇ ਤਿੰਨ ਜਣਿਆਂ ਨੇ ਡਬਲ ਬੈਰਲ ਰਾਈਫਲ ਨਾਲ ਗੋਲੀ ਚਲਾਉਂਦੇ ਰੁਕਣ ਦਾ ਇਸ਼ਾਰਾ ਕੀਤਾ। ਜਗਦੇਵ ਸਿੰਘ ਲਾਡੀ ਨੇ ਬੁਲੇਟ ਰੋਕੀ ਤਾਂ 32 ਬੋਰ ਦੇ ਪਿਸਟਲ ਨਾਲ ਦੋ ਗੋਲੀਆਂ ਦਾਗ ਦਿੱਤੀਆਂ ਗਈਆਂ, ਜੋ ਉਸ ਦੇ ਪੇਟ 'ਤੇ ਲੱਗੀਆਂ। ਉਸ ਨੂੰ ਅੰਮ੍ਰਿਤਸਰ ਦੇ ਨਿੱਜੀ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।


We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344





## ਕੌਮੀ ਸੁਰੱਖਿਆ ਸਲਾਹਕਾਰ ਦਾ ਫੋਨ ਕਦੇ ਟੇਪ ਨਹੀਂ ਕੀਤਾ ਗਿਆ

ਨਵੀਂ ਦਿੱਲੀ, 27 ਮਾਰਚ (ਪੋਸਟ ਬਿਊਰੋ)- ਕੇਂਦਰੀ ਜਾਂਚ ਏਜੰਸੀ (ਸੀ ਬੀ ਆਈ) ਵੱਲੋਂ ਕੌਮੀ ਸੁਰੱਖਿਆ ਸਲਾਹਕ-ਾਰ (ਐਨ ਐਸ ਏ) ਅਜੀਤ ਡੋਭਾਲ ਅਤੇ ਸੀ ਬੀ ਆਈ ਦੇ ਸਾਬਕਾ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਦੇ ਗੈਰ ਕਾਨੂੰਨੀ ਢੰਗ ਨਾਲ ਟੇਪ ਕਰਨ ਦੇ ਕੇਸ 'ਚ ਸੀ ਬੀ ਆਈ ਅਤੇ ਕੇਂਦਰ ਸਰਕਾਰ ਨੇ ਦਿੱਲੀ ਹਾਈ ਕੋਰਟ 'ਚ ਕਿਹਾ ਹੈ ਕਿ ਅਜੀਤ ਡੋਭਾਲ ਤੇ ਰਾਕੇਸ਼ ਅਸਥਾਨਾ ਦਾ ਫੋਨ ਕਦੀ ਵੀ ਨਹੀਂ ਟੇਪ ਨਹੀਂ ਕੀਤਾ ਗਿਆ।

ਕੇਂਦਰ ਸਰਕਾਰ ਅਤੇ ਸੀ ਬੀ ਆਈ ਨੇ ਮੁੱਖ ਬੈਂਚ ਦੇ ਸਾਹਮਣੇ ਐਫੀਡੇਵਿਟ ਪੇਸ਼ ਕੀਤਾ। ਇਸ 'ਚ ਸੀ ਬੀ ਆਈ ਨੇ ਕਿਹਾ ਕਿ ਫੋਨ ਟੇਪਿੰਗ ਲਈ ਕੇਂਦਰ ਸਰਕਾਰ ਨੇ ਕੁਝ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਦਾ ਸਖਤੀ ਨਾਲ ਪਾਲਨ ਕੀਤਾ ਜਾ ਰਿਹਾ ਹੈ। ਕਿਸੇ ਵੀ ਨੰਬਰ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਸਰਵਿਲਾਂਸ 'ਤੇ ਨਹੀਂ ਲਾਇਆ ਜਾਂਦਾ। ਅਪੀਲ ਕਰਤਾ ਦੇ ਵਕੀਲ ਐਨ ਐਸ ਏ ਨੇ ਫੋਨ ਟੈਪਿੰਗ ਮਾਮਲੇ ਨੂੰ ਦੇਸ਼ ਦੀ ਸੁਰੱਖਿਆ ਲਈ ਵੱਡਾ ਖਤਰਾ ਦੱਸਿਆ। ਇਸ ਦੀ ਜਾਂਚ ਲਈ ਉਨ੍ਹਾਂ ਨੇ ਵਿਸ਼ੇਸ਼ ਜਾਂਚ ਦਲ ਗਠਿਤ ਕਰਨ ਦੀ ਮੰਗ ਕੀਤੀ ਹੈ। ਨਾਲ ਫੋਨ ਟੈਪਿੰਗ ਅਤੇ ਕਿਸੇ ਨੂੰ ਸਰਵਿਲਾਂਸ 'ਤੇ ਰੱਖਣ ਬਾਰੇ ਦਿਸ਼ਾ ਨਿਰਦੇਸ਼ ਤੈਅ ਕਰਨ ਦੀ ਵੀ ਮੰਗ ਕੀਤੀ ਹੈ, ਤਾਂ ਜੋ ਏਜੰਸੀ ਇਸ ਦੀ ਦੁਰਵਰਤੋਂ ਨਾ ਕਰ ਸਕੇ। ਇਸ 'ਤੇ ਗ੍ਰਹਿ ਮੰਤਰਾਲੇ ਨੇ ਐਫੀਡੇਵਿਟ ਦਿੱਤਾ ਹੈ ਕਿ ਅਜਿਹੇ ਕੇਸਾਂ ਦੀ ਸਮੀਖਿਆ ਲਈ ਰੀਵਿਊ ਕਮੇਟੀ ਬਣਾਈ ਜਾ ਚੁੱਕੀ ਹੈ। ਇਹ ਅਜਿਹੇ ਮਾਮਲਿਆਂ ਨੂੰ ਨੋਟਿਸ ਲੈ ਕੇ 60 ਦਿਨਾਂ ਦੇ ਅੰਦਰ ਆਪਣੀ ਰਿਪੋਰਟ ਦਿੰਦੀ ਹੈ। ਅਪੀਲ 'ਚ ਦੋਸ਼ ਲਗਾਇਆ ਗਿਆ ਹੈ ਕਿ ਸਾਬਕਾ ਸੀ ਬੀ ਆਈ ਡਾਇਰੈਕਟਰ ਆਲੋਕ ਵਰਮਾ ਤੇ ਤੱਤਕਾਲੀ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨ ਵਿਚਕਾਰ ਹੋਏ ਵਿਵਾਦ ਦੌਰਾਨ ਅਜੀਤ ਡੋਭਾਲ ਤੋਂ ਇਲਾਵਾ ਕਈ ਲੋਕਾਂ ਦਾ ਫੋਨ ਟੈਪ ਕੀਤਾ ਗਿਆ।

## ਪਟਨਾ ਜੰਕਸ਼ਨ ਤੋਂ ਫੜ੍ਹੇ ਅੱਤਵਾਦੀਆਂ ਮੁਤਾਬਕ ਨਿਸ਼ਾਨੇ 'ਤੇ ਮੋਦੀ ਦੀ ਚੋਣ ਰੈਲੀ ਸੀ

ਪਟਨਾ, 27 ਮਾਰਚ (ਪੋਸਟ ਬਿਊਰੋ)- ਪਟਨਾ ਜੰਕਸ਼ਨ ਕੋਲੋਂ ਕੱਲ੍ਹ ਗ੍ਰਿਫਤਾਰ ਕੀਤੇ ਗਏ ਦੋ ਅੱਤਵਾਦੀਆਂ ਦੇ ਨਿਸ਼ਾਨੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੋਣ ਸਭਾ ਸੀ। ਇਸ ਲਈ ਬਹੁਤ ਪਹਿਲਾਂ ਪਲਾਨਿੰਗ ਹੋਈ ਸੀ।

ਬੰਗਲਾ ਦੇਸ਼ ਦੇ ਅੱਤਵਾਦੀ ਸੰਗਠਨ ਜਮੀਅਤ-ਉਲ-ਮੁਜਾਹਿਦੀਨ ਤੇ ਇਸਲਾਮਿਕ ਸਟੇਟ ਬੰਗਲਾ ਦੇਸ਼ ਦੇ ਮੈਂਬਰ ਅਬੁਲ ਸੁਲਤਾਨ ਅਤੇ ਖੈਰੂ ਮੰਡਲ ਤੋਂ ਪੁੱਛਗਿੱਛ 'ਚ ਖੁਫੀਆ ਏਜੰਸੀਆਂ ਨੂੰ ਇਹ ਜਾਣਕਾਰੀ ਮਿਲੀ ਹੈ। ਏ ਟੀ ਐਸ ਨੇ ਸੁਰੱਖਿਆ ਏਜੰਸੀਆਂ ਦੀ ਗੁਪਤ ਸੂਚਨਾ 'ਤੇ ਬੀਤੇ ਦਿਨੀਂ ਸਟੇਸ਼ਨ ਕੋਲ ਸਥਿਤ ਮੁਸਾਫਰਖਾਨੇ ਤੋਂ ਦੋਵਾਂ ਗ੍ਰਿਫਤਾਰ



ਕੀਤਾ ਸੀ। ਪੁਲਸ ਮੁਤਾਬਕ ਦੋਵੇਂ ਅੱਤਵਾਦੀ ਪ੍ਰਧਾਨ ਮੰਤਰੀ ਮੋਦੀ ਦੀਆਂ ਰੈਲੀਆਂ ਬਾਰੇ ਸੂਚਨਾ ਇਕੱਠੀ ਕਰ ਰਹੇ ਸਨ। ਬੰਗਲਾ ਦੇਸ਼ ਤੋਂ ਉਨ੍ਹਾਂ ਨੂੰ ਰੇਕੀ ਕਰਨ ਲਈ ਭਾਰਤ ਭੇਜਿਆ ਗਿਆ ਸੀ। ਚੋਣਾਂ ਦੌਰਾਨ ਚੋਣ ਸਭਾ 'ਚ ਹਿੰਸਕ ਘਟਨਾਵਾਂ ਨੂੰ ਅੰਜਾਮ ਦੇ ਕੇ ਇਥੋਂ ਦੇ ਸਮਾਜਿਕ ਤੇ ਧਾਰਮਿਕ ਮਾਹੌਲ ਨੂੰ ਵਿਗਾੜਨ ਦੀ ਸਾਜ਼ਿਸ਼ ਸੀ। ਸੁਰੱਖਿਆ ਏਜੰਸੀਆਂ ਮੁਤਾਬਕ ਦੋ ਅਪ੍ਰੈਲ ਨੂੰ ਗਯਾ ਅਤੇ ਜਮੁਈ 'ਚ ਪ੍ਰਧਾਨ ਮੰਤਰੀ ਮੋਦੀ ਦੀ ਚੋਣ ਰੈਲੀ ਹੋਣੀ ਹੈ। ਸ਼ਾਇਦ ਦੋਵਾਂ ਅੱਤਵਾਦੀਆਂ ਨੂੰ ਇਸ ਦੀ ਪੂਰੀ ਜਾਣਕਾਰੀ ਹੋਵੇਗੀ। ਉਹ ਲੋਕ ਪਿਛਲੇ ਕਈ ਦਿਨਾਂ ਤੋਂ ਗਯਾ 'ਚ ਰੁਕੇ ਹੋਏ ਸਨ। ਉਥੋਂ ਦੇ ਬੋਧੀ ਮੰਦਰ ਸਮੇਤ ਹੋਰ ਥਾਵਾਂ ਦੀ ਰੇਕੀ ਕੀਤੀ ਗਈ ਸੀ। ਦੋਵੇਂ ਅੱਤਵਾਦੀ ਬੰਗਲਾ ਦੇਸ਼ ਤੋਂ ਕੋਲਕਾਤਾ ਰਸਤੇ ਗਯਾ ਪਹੁੰਚੇ ਅਤੇ ਉਥੋਂ ਪਟਨਾ ਆਏ ਸਨ। ਇਸੇ ਦੌਰਾਨ ਦੋਵਾਂ ਨੂੰ ਏ ਟੀ ਐਸ ਨੇ ਗ੍ਰਿਫਤਾਰ ਕਰ ਲਿਆ। ਇਨ੍ਹਾਂ ਕੋਲੋਂ ਪੁਲਵਾਮਾ ਤੇ ਕਸ਼ਮੀਰ 'ਚ ਨੀਮ ਫੌਜੀ ਬਲਾਂ ਦੀ ਤਾਇਨਾਤੀ ਨਾਲ ਜੁੜੀ ਜਾਣਕਾਰੀ ਸਮੇਤ ਫਰਜ਼ੀ ਭਾਰਤੀ ਵੋਟਰ ਪਛਾਣ ਪੱਤਰ, ਪੈਨ ਕਾਰਡ, ਰੇਲਵੇ ਟਿਕਟ, ਬੱਸ ਟਿਕਟ ਤੇ ਕਈ ਇਤਰਾਜ਼ ਯੋਗ ਦਸਤਾਵੇਜ਼ ਮਿਲੇ ਹਨ।

## ਮਹਾਰਾਸ਼ਟਰ ਵਿੱਚ ਕਾਂਗਰਸੀ ਸਟਾਰ ਪ੍ਰਚਾਰਕ ਸੂਚੀ ਤੋਂ ਨਵਜੋਤ ਸਿੱਧੂ ਆਊਟ

ਨਵੀਂ ਦਿੱਲੀ, 27 ਮਾਰਚ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਚੋਣ ਪ੍ਰਚਾਰ ਲਈ ਕਾਂਗਰਸ ਦੀ ਸਟਾਰ ਪ੍ਰਚਾਰਕ ਸੂਚੀ ਵਿੱਚੋਂ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਨਾਂਅ ਗਾਇਬ ਹੈ। ਪਾਰਟੀ ਦੇ ਚਾਲੀ ਸਟਾਰ ਪ੍ਰਚਾਰਕ ਮਹਾਰਾਸ਼ਟਰ ਵਿੱਚ ਹੋ ਰਹੀਆਂ ਪਹਿਲੇ ਅਤੇ ਦੂਜੇ ਪੜਾਅ ਦੀਆਂ ਚੋਣਾਂ ਵਿੱਚ ਸੋਨੀਆ ਗਾਂਧੀ, ਰਾਹੁਲ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਅਤੇ ਪ੍ਰਿਅੰਕਾ ਗਾਂਧੀ ਤੋਂ ਇਲਾਵਾ 16 ਹੋਰ ਸਟਾਰ ਪ੍ਰਚਾਰਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਨਵਜੋਤ ਸਿੰਘ ਸਿੱਧੂ ਨਹੀਂ ਹਨ। ਇਸਦਾ ਮਤਲਬ ਹੈ ਕਿ ਸਿੱਧੂ ਮੁੰਬਈ ਵਿੱਚ ਪ੍ਰਚਾਰ ਨਹੀਂ ਕਰਨਗੇ।



ਕਾਂਗਰਸ ਵੱਲੋਂ ਯੂ ਪੀ ਵਿੱਚ ਚੋਣ ਪ੍ਰਚਾਰ ਲਈ ਜਾਰੀ ਕੀਤੀ ਸੂਚੀ ਵਿੱਚ ਨਵਜੋਤ ਸਿੱਧੂ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਸੂਚੀ ਵਿੱਚ ਕੈਪਟਨ ਨੂੰ 12ਵੇਂ ਅਤੇ ਨਵਜੋਤ ਸਿੱਧੂ ਨੂੰ 21ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਨਵਜੋਤ ਸਿੱਧੂ ਦੇ 17 ਦਿਨ ਅਤੇ 82 ਰੈਲੀਆਂ ਦਸੰਬਰ 2018 ਵਿੱਚ ਪੰਜ ਸੂਬਿਆਂ ਵਿੱਚ ਹੋਈਆਂ ਚੋਣਾਂ ਵਿੱਚ ਸਿੱਧੂ ਦੇ ਅੱਗੇ ਭਾਜਪਾ ਦਾ ਮੋਦੀ ਮੈਜਿਕ ਫਿੱਕਾ ਪੈ ਗਿਆ ਸੀ। ਇਨ੍ਹਾਂ ਰਾਜਾਂ ਵਿੱਚ ਉਸ ਨੇ 17 ਦਿਨਾਂ ਵਿੱਚ ਕਰੀਬ 82 ਚੋਣਾਂ ਸੰਬੰਧੀ ਤਾਬੜਤੋੜ ਰੈਲੀਆਂ ਕੀਤੀਆਂ ਸਨ। ਕਾਂਗਰਸ ਵਿੱਚ ਰਾਹੁਲ ਗਾਂਧੀ ਤੋਂ ਬਾਅਦ ਦੂਸਰੇ ਨੰਬਰ 'ਤੇ ਨਵਜੋਤ ਸਿੰਘ ਸਿੱਧੂ ਸਟਾਰ ਪ੍ਰਚਰਾਕਾਂ ਦੀ ਲਿਸਟ ਵਿੱਚ ਸਨ। ਤਿੰਨ ਸੂਬਿਆਂ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿੱਚ ਕਾਂਗਰਸ ਨੇ ਜਿੱਤ ਹਾਸਲ ਕੀਤੀ ਸੀ। ਇਥੇ ਦੱਸਣਾ ਲਾਜ਼ਮੀ ਹੈ ਕਿ ਇਨ੍ਹਾਂ ਰਾਜਾਂ ਵਿੱਚ ਜਿਨ੍ਹਾਂ ਵਿਧਾਨ ਸਭਾ ਖੇਤਰਾਂ ਵਿੱਚ ਨਵਜੋਤ ਸਿੰਘ ਸਿੱਧੂ ਨੇ ਚੋਣ ਰੈਲੀਆਂ ਕੀਤੀਆਂ, ਉਥੇ ਕਾਂਗਰਸ ਨੇ ਜਿੱਤ ਹਾਸਲ ਕੀਤੀ।

## ਮੁੰਬਈ ਤੋਂ ਜੋਧਪੁਰ ਉਡਾਣ ਮਹਿੰਗੀ ਸੀ, ਸਸਤੀ ਟਿਕਟ ਨਾਲ ਦੋ ਜਣੇ ਚੁੱਪ-ਚਾਪ ਜੋਧਪੁਰ ਉਤਰੇ

ਜੋਧਪੁਰ, 27 ਮਾਰਚ (ਪੋਸਟ ਬਿਊਰੋ)- ਮੁੰਬਈ ਤੋਂ ਜੋਧਪੁਰ ਹੋ ਕੇ ਜੈਪੁਰ ਚੱਲੀ ਏਅਰ ਇੰਡੀਆ ਦੀ ਉਡਾਣ ਤੋਂ ਕੱਲ੍ਹ ਦੁਪਹਿਰ ਦੋ ਯਾਤਰੀ ਐਵੀਏਸ਼ਨ ਸਟਾਫ ਨੂੰ ਬਿਨਾਂ ਦੱਸੇ ਜੋਧਪੁਰ ਉਤਰ ਗਏ।

ਅਸਲ ਵਿੱਚ ਮੁੰਬਈ ਤੋਂ ਜੋਧਪੁਰ ਦੀ ਸਿੱਧੀ ਟਿਕਟ ਮਹਿੰਗੀ ਸੀ। ਇਸ ਲਈ ਦੋਵਾਂ ਨੇ ਜੈਪੁਰ ਦੀ ਸਸਤੀ ਟਿਕਟ ਲਈ ਅਤੇ ਜੋਧਪੁਰ ਵਿੱਚ ਜਹਾਜ਼ ਰੁਕਣ 'ਤੇ ਉਤਰ ਗਏ। ਕੁਝ ਦੇਰ ਬਾਅਦ ਜਦ ਏਅਰਲਾਈਨਸ ਨੂੰ ਦੋ ਯਾਤਰੀਆਂ ਦੇ ਲਾਪਤਾ ਹੋਣ ਦਾ ਪਤਾ ਲੱਗਾ ਤਾਂ ਤਰਥੱਲੀ ਮਚ ਗਈ। ਜਾਂਚ ਵਿੱਚ ਦੋਵਾਂ ਦੀ ਪਛਾਣ ਪਤਾ ਲੱਗੀ। ਇਸ 'ਤੇ ਏਅਰਲਾਈਸ ਦੇ ਸਟਾਫ ਨੇ ਯਾਤਰੀਆਂ ਨੂੰ ਫੋਨ ਕਰ ਕੇ ਵਾਪਸ ਬੁਲਾਇਆ, ਪਰ ਯਾਤਰੀਆਂ ਨੇ ਰਿਸ਼ਤੇਦਾਰ ਦੀ ਬਿਮਾਰੀ ਦਾ ਬਹਾਨਾ ਬਣਾ ਕੇ ਆਉਣ ਤੋਂ ਇਨਕਾਰ ਕਰ ਦਿੱਤਾ। ਸੁਰੱਖਿਆ ਕਾਰਨਾਂ ਤੋਂ ਉਡਾਣ



ਵਿੱਚ ਸਵਾਰ ਸਾਰੇ ਯਾਤਰੀਆਂ ਦੇ ਬੋਰਡਿੰਗ ਪਾਸ ਫਿਰ ਜਾਰੀ ਕੀਤੇ ਗਏ। ਇਸ ਕਾਰਨ ਜੈਪੁਰ ਵਾਲੀ ਉਡਾਣ ਪੌਣਾ ਘੰਟਾ ਦੇਰ ਨਾਲ ਦੁਪਹਿਰ 12.30 ਵਜੇ ਜੈਪੁਰ ਦੇ ਲਈ ਉੱਡੀ। ਇਸ ਤੋਂ ਪਹਿਲਾਂ ਮੁੰਬਈ ਤੋਂ ਏਅਰ ਇੰਡੀਆ ਦੀ ਇਹ ਫਲਾਈਟ ਸਵੇਰੇ 11.15 ਵਜੇ ਜੋਧਪੁਰ ਪਹੁੰਚੀ। ਇਸ ਵਿੱਚ ਡੇਢ ਸੌ ਤੋਂ ਵੱਧ ਯਾਤਰੀ ਸਨ। ਇਨ੍ਹਾਂ ਵਿੱਚੋਂ ਅੱਧੇ ਤੋਂ ਜ਼ਿਆਦਾ ਯਾਤਰੀ ਯੋਧਪੁਰ ਵਿੱਚ ਉਤਰ ਗਏ। ਬਾਕੀ ਯਾਤਰੀਆਂ ਦੇ ਨਾਲ 11.45 ਵਜੇ ਜਦ ਉਡਾਣ ਜੈਪੁਰ ਲਈ ਰਵਾਨਾ ਹੋਣ ਲੱਗੀ ਤਾਂ ਜਹਾਜ਼ ਵਿੱਚ ਯਾਤਰੀਆਂ ਦੀ ਗਿਣਤੀ ਕੀਤੀ ਗਈ। ਇਸ ਵਿੱਚ ਦੋ ਯਾਤਰੀ ਘੱਟ ਮਿਲਣ 'ਤੇ ਉਡਾਣ ਨੂੰ ਰੋਕ ਦਿੱਤਾ ਗਿਆ। ਉਡਾਣ ਦੀ ਟਿਕਟ ਦਰ ਉਪਲਬਧਤਾ ਦੇ ਅਨੁਸਾਰ ਬਦਲਦੀ ਰਹਿੰਦੀ ਹੈ। ਵੀਰਵਾਰ ਨੂੰ ਮੁੰਬਈ ਤੋਂ ਜੈਪੁਰ ਦੀ ਟਿਕਟ 10,030 ਰੁਪਏ ਮਿਲ ਰਹੀ ਹੈ, ਜਦ ਕਿ ਮੁੰਬਈ ਤੋਂ ਜੋਧਪੁਰ ਦੀ ਟਿਕਟ 17,695 ਰੁਪਏ ਵਿੱਚ ਉਪਲਬਧ ਦੱਸਦਾ ਰਿਹਾ।

## ਹਰਿਆਣਾ ਵਿੱਚ ਇਨੈਲੋ ਨੂੰ ਝਟਕਾ, ਅਭੈ ਚੌਟਾਲਾ ਨੂੰ ਵਿਰੋਧੀ ਧਿਰ ਦੇ ਨੇਤਾ ਤੋਂ ਹਟਾਇਆ

ਚੰਡੀਗੜ੍ਹ, 27 ਮਾਰਚ (ਪੋਸਟ ਬਿਊਰੋ)- ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੂੰ ਝਟਕਾ ਦੇ ਕੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਨੇ ਕੱਲ੍ਹ ਅਭੈ ਚੌਟਾਲਾ ਨੂੰ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਹੈ।

ਅਸਲ ਵਿੱਚ ਇਨੈਲੋ ਦੇ ਦੋ ਵਿਧਾਇਕਾਂ ਦੇ ਅਸਤੀਫੇ ਤੋਂ ਬਾਅਦ ਉਨ੍ਹਾਂ ਦੀ ਗਿਣਤੀ 15 ਰਹਿ ਜਾਣ ਕਾਰਨ ਇਹ ਕਦਮ ਚੁੱਕਿਆ ਗਿਆ ਹੈ। ਵਿਧਾਨ ਸਭਾ ਸਪੀਕਰ ਕੰਵਰ ਪਾਲ ਨੇ ਕਿਹਾ, ਮੈਂ ਅਭੈ ਸਿੰਘ ਚੌਟਾਲਾ ਨੂੰ ਵਿਰੋਧੀ ਧਿਰ ਦੇ ਨੇਤਾ ਤੋਂ ਹਟਾ ਦਿੱਤਾ ਹੈ ਕਿਉਂਕਿ ਉਨ੍ਹਾਂ ਦੀ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ 17 ਤੋਂ ਘੱਟ ਕੇ 15 ਰਹਿ ਗਈ ਹੈ। ਮੈਂ ਇਨੈਲੋ ਦੇ ਦੋ ਵਿਧਾਇਕਾਂ ਰਣਬੀਰ ਗੰਗਵਾ ਅਤੇ ਕੇਹਰ ਸਿੰਘ ਰਾਵਤ ਦੇ ਅਸਤੀਫੇ ਸਵੀਕਾਰ ਕਰ ਲਏ ਹਨ ਜਿਸ ਤੋਂ ਬਾਅਦ ਉਨ੍ਹਾਂ ਦੀ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ ਘੱਟ ਕੇ 15 ਰਹਿ ਗਈ ਸੀ। ਹਥੀਨ ਤੋਂ ਵਿਧਾਇਕ ਰਾਵਤ ਪਿਛਲੇ ਦਿਨੀਂ ਦਿੱਲੀ 'ਚ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਇਸ ਤੋਂ ਪਹਿਲਾਂ ਇਸੇ ਮਹੀਨੇ ਇਨੈਲੋ ਦੇ ਸੀਨੀਅਰ ਨੇਤਾ ਅਤੇ ਮੌਜੂਦਾ ਵਿਧਾਇਕਾ ਗੰਗਵਾ ਵੀ ਭਾਜਪਾ ਵਿੱਚ ਚਲੇ ਗਏ ਸਨ। ਵਿਧਾਨ ਸਭਾ ਦੇ ਸਪੀਕਰ ਨੇ ਕਿਹਾ ਕਿ ਉਹ ਕਾਂਗਰਸ ਦੇ ਸੂਬਾ ਪ੍ਰਧਾਨ ਨੂੰ ਚਿੱਠੀ ਲਿਖਣਗੇ ਕਿ ਉਹ ਵਿਰੋਧੀ ਧਿਰ ਦੇ ਨੇਤਾ ਵਜੋਂ ਆਪਣੀ ਪਾਰਟੀ ਦੇ ਆਗੂ ਦਾ ਨਾਂਅ ਦੇ ਸਕਦੇ ਹਨ। ਨੱਬੇ ਮੈਂਬਰੀ ਸਦਨ ਵਿੱਚ ਕਾਂਗਰਸ ਦੇ ਵਿਧਾਇਕਾਂ ਦੀ ਗਿਣਤੀ 17 ਹੈ ਤੇ ਉਹ ਮੁੱਖ ਵਿਰੋਧੀ ਧਿਰ ਬਣ ਗਏ ਹਨ। ਵਿਧਾਨ ਸਭਾ ਵਿੱਚ ਸੱਤਾਧਾਰੀ ਭਾਜਪਾ ਦੇ ਵਿਧਾਇਕਾਂ ਦੀ ਗਿਣਤੀ ਵੱਧ ਕੇ 48 ਹੋ ਗਈ ਹੈ, ਕਾਂਗਰਸ ਦੇ 17 ਵਿਧਾਇਕ ਹਨ। ਇਨੈਲੋ ਦੇ ਜਨਰਲ ਸਕੱਤਰ ਅਭੈ ਚੌਟਾਲਾ ਬੀਤੇ ਸ਼ਨੀਵਾਰ ਨੂੰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਪਾਰਟੀ ਦੇ ਚਾਰ ਵਿਧਾਇਕਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਲਈ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਸੀ। ਇਸ 'ਤੇ ਟਿੱਪਣੀ ਕਰਦਿਆਂ ਕੰਵਰਪਾਲ ਨੇ ਕਿਹਾ ਕਿ ਇਨ੍ਹਾਂ ਚਾਰ ਵਿਧਾਇਕਾਂ ਨੂੰ ਜਨਨਾਇਕ ਜਨਤਾ ਪਾਰਟੀ ਦਾ ਸਮਰਥਨ ਕਰਨ ਬਾਰੇ ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਜਾਵੇਗਾ। ਜੇ ਇਨ੍ਹਾਂ ਨੇ ਕਿਹਾ ਕਿ ਉਹ ਜੇ ਜੇ ਪੀ ਵਿੱਚ ਸ਼ਾਮਲ ਹੋ ਗਏ ਹਨ ਤਾਂ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਜੇ ਇਨ੍ਹਾਂ ਵਿਧਾਇਕਾਂ ਨੇ ਇਨਕਾਰ ਕੀਤਾ ਤਾਂ ਅਭੈ ਚੌਟਾਲਾ ਨੂੰ ਆਪਣੇ ਦਾਅਵੇ ਨੂੰ ਸਾਬਤ ਕਰਨ ਲਈ ਸਬੂਤ ਦੇਣ ਲਈ ਕਿਹਾ ਜਾਵੇਗਾ।

## ਟਾਈਪ-2 ਡਾਇਬਟੀਜ਼ ਨਾਲ ਦਿਲ ਦੀ ਬੀਮਾਰੀ ਦਾ ਖਤਰਾ ਵੱਧ

ਨਵੀਂ ਦਿੱਲੀ, 27 ਮਾਰਚ (ਪੋਸਟ ਬਿਊਰੋ)- ਸ਼ੂਗਰ ਯਾਨੀ ਡਾਇਬਟੀਜ਼ ਨਾਲ ਪੀੜਤ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਨਾਲ ਮੌਤ ਦਾ ਖਤਰਾ ਵੱਧ ਜਾਂਦਾ ਹੈ। ਟਾਈਪ-2 ਡਾਇਬਟੀਜ਼ ਵਾਲੇ ਲੋਕਾਂ ਵਿੱਚ ਲਗਭਗ 58 ਫੀਸਦੀ ਮੌਤਾਂ ਦਿਲ ਦੇ ਰੋਗ ਦੀ ਪ੍ਰੇਸ਼ਾਨੀ ਤੋਂ ਹੁੰਦੀਆਂ ਹਨ। ਸ਼ੂਗਰ ਨਾਲ ਜੁੜੇ ਗੁਲੂਕੋਜ਼ ਦੇ ਉੱਚ ਪੱਧਰ ਨਾਲ ਖੂਨ ਦੀਆਂ ਨਾੜਾਂ ਨੂੰ ਨੁਕਸਾਨ ਪਹੁੰਚਦਾ ਹੈ, ਜਿਸ ਨਾਲ ਬਲੱਡ ਪ੍ਰੈਸ਼ਰ ਅਤੇ ਨਜ਼ਰ, ਜੋੜਾਂ 'ਚ ਦਰਦ ਅਤੇ ਹੋਰ ਪ੍ਰੇਸ਼ਾਨੀਆਂ ਹੋ ਜਾਂਦੀਆਂ ਹਨ।

ਡਾਕਟਰਾਂ ਮੁਤਾਬਕ ਟਾਈਪ-2 ਡਾਇਬਟੀਜ਼ ਆਮ ਤੌਰ 'ਤੇ ਬਾਲਗਾਂ ਨੂੰ ਪ੍ਰਭਾਵਤ ਕਰਦੀ ਹੈ, ਪਰ ਨੌਜਵਾਨ ਭਾਰਤੀਆਂ 'ਚ ਵੀ ਇਹ ਤੇਜ਼ੀ ਨਾਲ ਫੈਲ ਰਹੀ ਹੈ। ਉਹ ਗੁਰਦੇ ਦੀ ਸਮੱਸਿਆ ਅਤੇ ਦਿਲ ਦੇ ਰੋਗਾਂ ਦੇ ਨਾਲ-ਨਾਲ ਹੋਰ ਵੀ ਕਈ ਮੁਸ਼ਕਲਾਂ ਝੱਲ ਰਹੇ ਹਨ। ਪਦਮਸ੍ਰੀ ਨਾਲ ਸਨਮਾਨਿਤ ਡਾਕਟਰ ਕੇ ਕੇ ਅਗਰਵਾਲ ਨੇ ਕਿਹਾ ਕਿ ਭਾਰਤ ਵਿੱਚ ਨੌਜਵਾਨਾਂ ਦੇ ਸ਼ੂਗਰ ਨਾਲ ਪੀੜਤ ਹੋਣ ਪਿੱਛੇ ਜੋ ਕਾਰਕ ਜ਼ਿੰਮੇਵਾਰ ਹਨ, ਉਨ੍ਹਾਂ ਵਿੱਚ ਮੁੱਖ ਹਨ ਪ੍ਰੋਸੈਸਡ ਅਤੇ ਜੰਕ ਫੂਡ ਨਾਲ ਭਰਪੂਰ ਕੈਲੋਰੀ ਵਾਲਾ ਭੋਜਨ ਆਦਿ। ਸਮੇਂ ਸਿਰ ਢੰਗ ਨਾਲ ਜਾਂਚ ਨਾ ਕਰਵਾ ਸਕਣਾ ਅਤੇ ਡਾਕਟਰ ਦੀ ਸਲਾਹ ਮੁਤਾਬਕ ਨਾ ਚੱਲਣਾ ਉਨ੍ਹਾਂ ਲਈ ਹੋਰ ਵੀ ਜੋਖਮ ਭਰਿਆ ਹੋ ਜਾਂਦਾ ਹੈ। ਡਾਕਟਰ ਅਗਰਵਾਲ ਨੇ ਦੱਸਿਆ ਕਿ ਜੇ ਘਰ ਦੇ ਵੱਡੇ ਲੋਕ ਚੰਗੀ ਜੀਵਨ ਸ਼ੈਲੀ ਦਾ ਉਦਾਹਰਣ ਪੇਸ਼ ਕਰਦੇ ਹਨ ਤਾਂ ਇਹ ਨੌਜਵਾਨਾਂ ਲਈ ਵੀ ਪ੍ਰੇਰਨਾਦਾਈ ਹੋਵੇਗਾ।

## ਮੁੰਬਈ-ਸਿੰਗਾਪੁਰ ਉਡਾਣ ਵਿੱਚ ਬੰਬ ਦੀ ਸੂਚਨਾ ਉਤੇ 2 ਐੱਫ-16 ਭੇਜੇ

ਨਵੀਂ ਦਿੱਲੀ, 27 ਮਾਰਚ (ਪੋਸਟ ਬਿਊਰੋ)- ਸਿੰਗਾਪੁਰ ਏਅਰਲਾਈਨਸ ਦੀ ਮੁੰਬਈ-ਸਿੰਗਾ-ਪੁਰ ਉਡਾਣ ਵਿੱਚ ਕੱਲ੍ਹ ਬੰਬ ਹੋਣ ਦੀ ਸੂਚਨਾ ਦੇ ਬਾਅਦ ਸਿੰਗਾਪੁਰ ਹਵਾਈ ਫੌਜ ਨੇ ਇਸ ਦੀ ਸੁਰੱਖਿਆ ਲਈ 2 ਐੱਫ-16 ਜਹਾਜ਼ ਭੇਜੇ। ਜਹਾਜ਼ ਵਿੱਚ 263 ਯਾਤਰੀ ਸਵਾਰ ਸਨ। ਏਅਰਲਾਈਨਸ ਕੰਪਨੀ ਨੇ ਦੱਸਿਆ ਕਿ ਉਡਾਣ ਕੱਲ੍ਹ ਚਾਂਗੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸਵੇਰੇ ਅੱਠ ਵਜੇ (ਸਥਾਨਕ ਸਮੇਂ) ਉਤਰ ਗਈ।



ਏਅਰਲਾਈਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਸਿੰਗਾਪੁਰ ਏਅਰਲਾਈਨ ਇਸ ਦੀ ਪੁਸ਼ਟੀ ਕਰਦਾ ਹੈ ਕਿ ਮੁੰਬਈ ਤੋਂ ਸਿੰਗਾਪੁਰ ਆ ਰਹੀ ਉਡਾਣ ਵਿੱਚ ਬੰਬ ਦੀ ਸੂਚਨਾ ਸੀ। ਜਹਾਜ਼ 26 ਮਾਰਚ 2019 ਨੂੰ ਸਵੇਰੇ ਕਰੀਬ ਅੱਠ ਵਜੇ (ਸਥਾਨਕ ਸਮੇਂ ਅਨੁਸਾਰ) ਸਿੰਗਾ-ਪੁਰ ਪਹੁੰਚ ਗਿਆ। ਬਿਆਨ ਵਿੱਚ ਕਿਹਾ ਗਿਆ, ਜਹਾਜ਼ ਵਿੱਚ 263 ਯਾਤਰੀ ਸਵਾਰ ਸਨ। ਅਸੀਂ ਜਾਂਚ ਵਿੱਚ ਅਧਿਕਾਰੀਆਂ ਦਾ ਸਹਿਯੋਗ ਕਰ ਰਹੇ ਹਾਂ ਅਤੇ ਅਫਸੋਸ ਹੈ ਕਿ ਜ਼ਿਆਦਾ ਜਾਣਕਾਰੀ ਨਹੀਂ ਦੇ ਸਕਦੇ। ਰਿਪਬਲਿਕ ਆਫ ਸਿੰਗਾਪੁਰ ਏਅਰਫੋਰਸ ਨੇ ਕਿਹਾ ਕਿ 2 ਐਫ-16 ਨੇ ਐੱਸ ਆਈ ਏ ਜਹਾਜ਼ ਨੂੰ ਸੁਰੱਖਿਆ ਪ੍ਰਦਾਨ ਕੀਤੀ। ਇੱਕ ਮਹਿਲਾ ਅਤੇ ਇੱਕ ਬੱਚੇ ਨੂੰ ਛੱਡ ਕੇ ਸਾਰੇ ਯਾਤਰੀ ਸੁਰੱਖਿਅਤ ਰੂਪ ਤੋਂ ਉਤਰ ਗਏ ਅਤੇ ਉਨ੍ਹਾਂ ਨੂੰ ਇੱਕ ਜਾਂਚ ਵਿੱਚੋਂ ਲੰਘਣਾ ਪਿਆ। ਮਹਿਲਾ ਅਤੇ ਬੱਚੇ ਨੂੰ ਪੁਲਸ ਨੇ ਪੁੱਛਗਿੱਛ ਲਈ ਰੋਕ ਲਿਆ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜਹਾਜ਼ ਦੇ ਮੁੰਬਈ ਹਵਾਈ ਅੱਡੇ ਤੋਂ ਸੋਮਵਾਰ ਰਾਤ ਰਵਾਨਾ ਹੋਣ ਦੇ ਬਾਅਦ ਏਅਰਲਾਈਨ ਨੂੰ ਇੱਕ ਕਾਲ ਆਈ। ਕਾਲ ਕਰਨ ਵਾਲੇ ਨੇ ਦਾਅਵਾ ਕੀਤਾ ਕਿ ਜਹਾਜ਼ ਵਿੱਚ ਇੱਕ ਬੰਬ ਹੈ। ਵੈੱਬਸਾਈਟ ਫਲਾਈਟ ਅਵੇਅਰ ਦੇ ਅਨੁਸਾਰ ਜਹਾਜ਼ ਬੋਇੰਗ 777-300 ਈ ਆਰ ਮੁੰਬਈ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸੋਮਵਾਰ ਨੂੰ ਸਥਾਨਕ ਸਮੇਂ ਅਨੁਸਾਰ ਰਾਤ 11.36 'ਤੇ ਰਵਾਨਾ ਹੋਈ ਅਤੇ ਜਹਾਜ਼ ਤੈਅ ਸਮੇਂ ਤੋਂ 31 ਮਿੰਟ ਦੀ ਦੇਰੀ ਨਾਲ ਸਿੰਗਾਪੁਰ ਪਹੁੰਚਿਆ।

## ਚਿੱਟ ਫੰਡ ਘੋਟਾਲੇ ਵਿਚ ਸੀ ਬੀ ਆਈ ਨੇ ਪ੍ਰਗਤੀ ਰਿਪੋਰਟ ਵਿੱਚ ਗੰਭੀਰ ਖੁਲਾਸੇ ਕੀਤੇ

ਨਵੀਂ ਦਿੱਲੀ, 27 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸ਼ਾਰਦਾ ਚਿੱਟਫੰਡ ਘੋਟਾਲੇ ਦੇ ਮਾਮਲੇ ਵਿੱਚ ਕੋਲਕਾਤਾ ਦੇ ਸਾਬਕਾ ਪੁਲਸ ਮੁਖੀ ਰਾਜੀਵ ਕੁਮਾਰ ਤੋਂ ਹਾਲ ਹੀ ਵਿੱਚ ਹੋਈ ਪੁੱਛਗਿੱਛ ਨਾਲ ਸੰਬੰਧਤ ਪ੍ਰਗਤੀ ਰਿਪੋਰਟ ਵਿੱਚ ਸੀ ਬੀ ਆਈ ਵੱਲੋਂ ਕੀਤੇ ਗਏ ਖੁਲਾਸੇ ਨੂੰ ਬੀਤੇ ਦਿਨ 'ਬਹੁਤ ਹੀ ਗੰਭੀਰ' ਕਰਾਰ ਦਿੱਤਾ।

ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਸੰਜੀਵ ਖੰਨਾ ਦੀ ਬੈਂਚ ਨੇ ਕਿਹਾ ਕਿ ਜੇ ਕੁਝ 'ਬਹੁਤ ਹੀ ਗੰਭੀਰ ਤੱਥਾਂ' ਦੀ ਜਾਣਕਾਰੀ ਉਸ ਨੂੰ ਦਿੱਤੀ ਗਈ ਹੈ ਤਾਂ ਉਹ ਇਸ ਬਾਰੇ ਆਪਣੀਆਂ ਅੱਖਾਂ ਬੰਦ ਨਹੀਂ ਕਰ ਸਕਦੀ ਹੈ। ਬੈਂਚ ਨੇ ਇਸ ਦੇ ਨਾਲ ਜਾਂਚ ਬਿਊਰੋ ਨੂੰ ਨਿਰਦੇਸ਼ ਦਿੱਤਾ ਕਿ ਰਾਜੀਵ ਕੁਮਾਰ ਦੇ ਖਿਲਾਫ ਉਚਿਤ ਰਾਹਤ ਦੇ ਲਈ ਉਹ ਅਰਜ਼ੀ ਦਾਇਰ ਕਰੇ। ਬੈਂਚ ਨੇ ਜਾਂਚ ਬਿਊਰੋ ਨੂੰ ਇਸ ਬਾਰੇ ਅਰਜ਼ੀ ਦਾਇਰ ਕਰਨ ਦੇ ਲਈ 10 ਦਿਨ ਦਾ ਸਮਾਂ ਦਿੱਤਾ ਅਤੇ ਕਿਹਾ ਕਿ ਕੁਮਾਰ ਅਤੇ ਹੋਰ ਲੋਕ ਇਸ ਦੇ ਬਾਅਦ ਸੱਤ ਦਿਨ ਦੇ ਅੰਦਰ ਆਪਣਾ ਜਵਾਬ ਦਾਖਲ ਕਰ ਸਕਦੇ ਨਹ। ਪਹਿਲਾਂ ਰਾਜੀਵ ਕੁਮਾਰ ਇਸ ਚਿੱਟਪੰਡ ਕੇਸ ਦੀ ਜਾਂਚ ਕਰ ਰਹੇ ਵਿਸ਼ੇਸ਼ ਜਾਂਚ ਦਲ ਦੇ ਮੁਖੀ ਸਨ। ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਦੇ ਡੀ ਜੀ ਪੀ, ਮੁੱਖ ਸਕੱਤਰ ਅਤੇ ਕੁਮਾਰ ਦੇ ਖਿਲਾਫ ਉਲੰਘਣਾ ਦੀ ਕਾਰਵਾਈ ਖਤਮ ਕਰਨ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਸ਼ਾਰਦਾ ਚਿੱਟਫੰਡ ਘੋਟਾਲੇ ਦੀ ਜਾਂਚ ਵਿੱਚ ਸਹਿਯੋਗ ਨਾ ਕਰਨ ਅਤੇ ਸਬੂਤਾਂ ਨਾਲ ਛੇੜਛਾੜ ਕਰਨ ਦੇ ਮਾਮਲੇ ਵਿੱਚ ਪੱਚਮੀ ਬੰਗਾਲ ਦੇ ਉਚ ਅਧਿਕਾਰੀਆਂ ਦੇ ਖਿਲਾਫ ਸੀ ਬੀ ਆਈ ਦੀ ਉਲੰਘਣਾ ਅਰਜ਼ੀ 'ਤੇ ਸੁਣਵਾਈ ਕਰ ਰਹੀ ਸੀ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed



Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



# ਪਾਕਿ ਸੁਪਰੀਮ ਕੋਰਟ ਨੇ ਨਵਾਜ਼ ਸ਼ਰੀਫ ਨੂੰ ਰਾਹਤ ਦਿੱਤੀ




ਲਾਹੌਰ, 27 ਮਾਰਚ (ਪੋਸਟ ਬਿਊਰੋ)- ਅਲ-ਅਜ਼ੀਜ਼ਿਆ ਸਟੀਲ ਮਿੱਲਜ਼ ਭ੍ਰਿਸ਼ਟਾਚਾਰ ਕੇਸ 'ਚ ਲਾਹੌਰ ਦੀ ਕੋਟ ਲਖਪਤ ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਮੀਆਂ ਨਵਾਜ਼ ਸ਼ਰੀਫ ਨੂੰ ਕੱਲ੍ਹ ਪਾਕਿਸਤਾਨ ਸੁਪਰੀਮ ਕੋਰਟ ਨੇ ਮੈਡੀਕਲ ਆਧਾਰ 'ਤੇ ਛੇ ਹਫਤਿਆਂ ਦੀ ਜ਼ਮਾਨਤ ਦਿੰਦਿਆਂ ਰਿਹਾਅ ਕਰ ਦਿੱਤਾ ਹੈ। ਚੀਫ ਜਸਟਿਸ ਆਸਿਫ ਸਈਦ ਖੋਸਾ ਦੀ ਪ੍ਰਧਾਨਗੀ ਵਾਲੇ ਤਿੰਨ ਮੈਂਬਰੀ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਇਹ ਫੈਸਲਾ ਦਿੱਤਾ। ਅਦਾਲਤ ਨੇ ਕਿਹਾ ਕਿ ਜ਼ਮਾਨਤ ਦੌਰਾਨ ਸ਼ਰੀਫ ਦੇਸ਼ ਛੱਡ ਕੇ ਨਹੀਂ ਜਾਣਗੇ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਤੋਂ ਪਹਿਲਾਂ ਇਸਲਾਮਾਬਾਦ ਹਾਈ ਕੋਰਟ ਦੇ ਫੈਸਲੇ ਦੇ ਖਿਲਾਫ ਛੇ ਮਾਰਚ ਨੂੰ ਅਪੀਲ ਦਾਇਰ ਕੀਤੀ ਗਈ ਸੀ, ਪਰ ਅਦਾਲਤ ਨੇ ਮੈਡੀਕਲ ਆਧਾਰ 'ਤੇ ਸ਼ਰੀਫ ਦੀ ਜ਼ਮਾਨਤ ਦੀ ਅਪੀਲ ਖਾਰਜ ਕਰ ਦਿੱਤੀ ਗਈ ਸੀ। ਵਕੀਲ ਖਵਾਜਾ ਹੈਰਿਸ ਨੇ ਇਸ ਬਾਰੇ ਬਹਿਸ ਦੌਰਾਨ ਕਿਹਾ ਕਿ ਨਵਾਜ਼ ਸ਼ਰੀਫ ਪਾਕਿਸਤਾਨ ਦੇ ਤਿੰਨ ਵਾਰ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ। ਉਨ੍ਹਾਂ ਦਾ 17 ਵੱਖ-ਵੱਖ ਰੋਗਾਂ ਦਾ ਇਲਾਜ ਹੋ ਰਿਹਾ ਹੈ। ਇਸ ਕੇਸ ਦੀ ਸੁਣਵਾਈ ਕਰਦਿਆਂ ਬੈਂਚ ਨੇ ਕੌਮੀ ਜਵਾਬਦੇਹੀ ਬਿਊਰੋ ਨੂੰ ਨੋਟਿਸ ਜਾਰੀ ਕਰਦੇ ਹੋਏ 26 ਮਾਰਚ ਨੂੰ ਹਰ ਹਾਲ 'ਚ ਆਪਣਾ ਜਵਾਬ ਦਾਖਲ ਕਰਾਉਣ ਲਈ ਕਿਹਾ ਸੀ। ਦੱਸਣ ਯੋਗ ਹੈ ਕਿ ਛੇ ਮਾਰਚ ਨੂੰ ਚੀਫ ਜਸਟਿਸ ਨੇ ਸੁਣਵਾਈ ਦੌਰਾਨ ਕਿਹਾ ਸੀ ਕਿ ਅਸੀਂ ਜਾਣਦੇ ਹਾਂ ਕਿ ਨਵਾਜ਼ ਸ਼ਰੀਫ ਦਾ ਲੰਡਨ 'ਚ ਇਲਾਜ ਚੱਲ ਰਿਹਾ ਹੈ, ਪਰ ਅਦਾਲਤ ਇਹ ਜਾਣਨਾ ਚਾਹੁੰਦੀ ਹੈ ਕਿ ਕੀ ਉਨ੍ਹਾਂ ਦੀ ਸਿਹਤ ਜੇਲ੍ਹ 'ਚ ਖਰਾਬ ਹੋਈ ਹੈ? ਚੀਫ ਜਸਟਿਸ ਨੇ ਕਿਹਾ ਕਿ ਲੰਡਨ ਤੋਂ ਆਈ ਸ਼ਰੀਫ ਦੀ ਜਾਂਚ ਰਿਪੋਰਟ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਪਾਕਿ ਦੇ ਡਾਕਟਰਾਂ ਨੂੰ ਹਾਸਲ ਨਹੀਂ ਕਰਵਾਈ ਗਈ ਸੀ।

# ਅਗਵਾ ਮਾਮਲੇ 'ਚ ਪਾਕਿ ਹਾਈ ਕੋਰਟ ਨੇ ਦੋਵਾਂ ਹਿੰਦੂ ਲੜਕੀਆਂ ਨੂੰ ਸੁਰੱਖਿਆ ਦੇਣ ਦਾ ਹੁਕਮ ਕੀਤਾ



ਇਸਲਾਮਾਬਾਦ, 27 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਦੋ ਹਿੰਦੂ ਕੁੜੀਆਂ ਨੂੰ ਅਗਵਾ ਕਰਨ, ਜਬਰੀ ਉਨ੍ਹਾਂ ਦਾ ਧਰਮ ਤਬਦੀਲ ਕਰਕੇ ਵਿਆਹ ਕਰਾਉਣ ਦੇ ਦੋਸ਼ 'ਚ ਜਾਂਚ ਸ਼ੁਰੂ ਹੋਣ ਤੋਂ ਬਾਅਦ ਲੜਕੀਆਂ ਨੂੰ ਸਰਕਾਰੀ ਸੁਰੱਖਿਆ ਹਾਸਲ ਕਰਵਾਉਣ ਦੇ ਹੁਕਮ ਦਿੱਤੇ ਗਏ ਹਨ।

ਇਸ ਸੰਬੰਧ ਵਿੱਚ ਪਾਕਿਸਤਾਨ ਦੀ ਹਾਈ ਕੋਰਟ ਨੇ ਰਵੀਨਾ (13) ਤੇ ਰੀਨਾ (15) ਨੂੰ ਉਨ੍ਹਾਂ ਵੱਲੋਂ ਦਾਖਲ ਕੀਤੀ ਪਟੀਸ਼ਨ ਦੇ ਆਧਾਰ 'ਤੇ ਸੁਰੱਖਿਆ ਹਾਸਲ ਕਰਵਾਈ ਹੈ। ਲੜਕੀਆਂ ਨੇ ਆਪਣੇ ਪਤੀਆਂ ਨਾਲ ਸਾਂਝੀ ਪਟੀਸ਼ਨ ਪੇਸ਼ ਕੀਤੀ ਹੈ। ਅਦਾਲਤ ਨੇ ਸੁਰੱਖਿਆ ਦੀ ਜ਼ਿੰਮੇਵਾਰੀ ਇਸਲਾਮਾਬਾਦ ਦੇ ਡਿਪਟੀ ਕਮਿਸ਼ਨਰ ਅਤੇ ਡਾਇਰੈਕਟਰ ਜਨਰਲ ਮਨੁੱਖੀ ਅਧਿਕਾਰ ਦੇ ਸਿਰ ਪਾਈ ਹੈ। ਉਨ੍ਹਾਂ ਦੇ ਨਾਲ ਇਕ ਔਰਤ ਐਸ ਪੀ ਤਾਇਨਾਤ ਰਹੇਗੀ। ਅਦਾਲਤ ਨੇ ਅਧਿਕਾਰੀਆਂ ਨੂੰ ਜਾਂਚ ਰਿਪੋਰਟ ਦੋ ਅਪ੍ਰੈਲ ਤੱਕ ਸੌਂਪਣ ਲਈ ਕਿਹਾ ਹੈ। ਦੱਸਣ ਯੋਗ ਹੈ ਕਿ ਲੜਕੀਆਂ ਦੇ ਅਗਵਾ ਹੋਣ ਜਾਂ ਨਾ ਹੋਣ ਦਾ ਸ਼ੱਕ ਦੂਰ ਕਰਨ ਲਈ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਵੀ ਜਾਂਚ ਦੇ ਹੁਕਮ ਦਿੱਤੇ ਹਨ। ਮਿਲੇ ਵੇਰਵਿਆਂ ਮੁਤਾਬਕ ਦੋਵਾਂ ਕੁੜੀਆਂ ਨੂੰ ਰਸੂਖਵਾਨ ਲੋਕਾਂ ਦੇ ਗਰੁੱਪ ਵੱਲੋਂ ਉਨ੍ਹਾਂ ਦੇ ਘੋਟਕੀ ਜ਼ਿਲੇ (ਸਿੰਧ) ਵਿਚਲੇ ਘਰ ਤੋਂ ਹੋਲੀ ਵਾਲੇ ਦਿਨ ਅਗਵਾ ਕੀਤੇ ਜਾਣ ਦੀ ਰਿਪੋਰਟ ਆਈ ਸੀ। ਇਸ ਤੋਂ ਬਾਅਦ ਇਕ ਵੀਡੀਓ ਸਾਹਮਣੇ ਆਈ ਸੀ, ਜਿਸ ਵਿੱਚ ਦੋਵਾਂ ਦਾ 'ਨਿਕਾਹ' ਹੁੰਦਾ ਦਿੱਸ ਰਿਹਾ ਸੀ। ਵੀਡੀਓ ਵਾਇਰਲ ਹੋਣ ਤੋਂ ਬਾਅਦ ਪੂਰੇ ਮੁਲਕ ਵਿੱਚ ਲੋਕਾਂ ਨੇ ਰੋਸ ਪ੍ਰਗਟ ਕੀਤਾ ਸੀ। ਹਾਈ ਕੋਰਟ ਦੇ ਚੀਫ ਜਸਟਿਸ ਆਥਰ ਮੀਨਾਅੱਲ੍ਹਾ ਨੇ ਹਿੰਦੂ ਕੁੜੀਆਂ ਦਾ ਜਬਰੀ ਧਰਮ ਤਬਦੀਲ ਕਰਕੇ ਮੁਸਲਿਮ ਪੁਰਸ਼ਾਂ ਨਾਲ ਉਨ੍ਹਾਂ ਦਾ ਵਿਆਹ ਕਰਨ ਦੇ ਇਸ ਕੇਸ ਨੂੰ ਗੌਰ ਨਾਲ ਸੁਣਿਆ ਤੇ ਉਨ੍ਹਾਂ ਨੂੰ ਸੁਰੱਖਿਆ ਦੇਣ ਦੇ ਹੁਕਮ ਦਿੱਤੇ। ਪਟੀਸ਼ਨ ਵਿੱਚ ਲੜਕੀਆਂ ਤੇ ਉਨ੍ਹਾਂ ਦੇ ਪਤੀਆਂ ਨੇ ਆਪਣੀ ਸੁਰੱਖਿਆ ਬਾਰੇ ਸ਼ੱਕ ਜ਼ਾਹਿਰ ਕੀਤੇ ਸਨ। ਕੁੜੀਆਂ ਦੇ ਪਰਵਾਰ ਨੇ 20 ਮਾਰਚ ਨੂੰ ਜਬਰੀ ਧਰਮ ਤਬਦੀਲੀ ਖਿਲਾਫ ਐਫ ਆਈ ਆਰ ਦਰਜ ਕਰਵਾਈ ਸੀ। ਇਸ ਘਟਨਾ ਦਾ ਖੁਲਾਸਾ ਹੋਣ ਪਿੱਛੋਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਵਿਚਾਲੇ ਵੀ ਸ਼ਬਦੀ ਜੰਗ ਸ਼ੁਰੂ ਹੋਈ ਸੀ। ਭਾਰਤੀ ਵਿਦੇਸ਼ ਮੰਤਰੀ ਨੇ ਪਾਕਿ ਵਿੱਚ ਭਾਰਤੀ ਰਾਜਦੂਤ ਤੋਂ ਇਸ ਦੀ ਜਾਣਕਾਰੀ ਵੀ ਮੰਗੀ ਸੀ। ਮੀਡੀਆ ਰਿਪੋਰਟਾਂ ਮੁਤਾਬਕ ਸਿੰਧ ਸੂਬੇ ਦੇ ਉਮਰਕੋਟ ਜ਼ਿਲੇ ਵਿੱਚ ਹਰ ਮਹੀਨੇ ਅੰਦਾਜ਼ਨ 25 ਜਬਰੀ ਵਿਆਹ ਹੁੰਦੇ ਹਨ।

## ਚੀਨ ਨੇ ਅਰੁਣਾਚਲ ਨੂੰ ਭਾਰਤ ਦਾ ਹਿੱਸਾ ਦੱਸਦੇ ਨਕਸ਼ੇ ਫੂਕੇ

ਪੇਈਚਿੰਗ, 27 ਮਾਰਚ (ਪੋਸਟ ਬਿਊਰੋ)- ਚੀਨ ਨੇ ਆਪਣੇ ਦੇਸ਼ ਵਿੱਚ ਛਪੇ ਦੁਨੀਆ ਦੇ ਉਨ੍ਹਾਂ 30,000 ਨਕਸ਼ਿਆਂ ਨੂੰ ਤਬਾਹ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਅਰੁਣਾਚਲ ਪ੍ਰਦੇਸ਼ ਤੇ ਤਾਇਵਾਨ ਨੂੰ ਚੀਨ ਦਾ ਹਿੱਸਾ ਨਹੀਂ ਦੱਸਿਆ ਗਿਆ। ਸਰਕਾਰੀ ਮੀਡੀਆ ਦੀ ਰਿਪੋਰਟ ਮੁਤਾਬਕ ਇਹ ਨਕਸ਼ੇ ਐਕਸਪੋਰਟ ਕੀਤੇ ਜਾਣੇ ਸਨ। ਵਰਨਣ ਯੋਗ ਹੈ ਕਿ ਚੀਨ ਭਾਰਤੀ ਸੂਬੇ ਅਰੁਣਾਚਲ ਪ੍ਰਦੇਸ਼ ਨੂੰ ਦੱਖਣੀ ਤਿੱਬਤ ਦਾ ਹਿੱਸਾ ਮੰਨਦਾ ਹੈ, ਭਾਰਤ ਇਸ ਨੂੰ ਆਪਣੇ ਦੇਸ਼ ਦਾ ਅਟੁੱਟ ਹਿੱਸਾ ਮੰਨਦਾ ਹੈ ਤੇ ਸਾਰੀਆਂ ਸਰਕਾਰੀ ਗਤੀਵਿਧੀਆਂ ਉੱਤੇ ਅਮਲ ਹੁੰਦਾ ਹੈ। ਚੀਨ ਤੇ ਭਾਰਤ ਅੱਜ ਤੱਕ 3,488 ਕਿਲੋਮੀਟਰ ਲੰਮੀ ਅਸਲ ਕੰਟਰੋਲ ਰੇਖਾ ਨਾਲ ਸਬੰਧਤ ਸਰਹੱਦੀ ਝਗੜੇ ਨੂੰ ਨਿਬੇੜਨ ਲਈ 21 ਗੇੜਾਂ ਵਿੱਚ ਗੱਲਬਾਤ ਕਰ ਚੁੱਕੇ ਹਨ।

# ਭਾਰਤ ਵਿੱਚ ਚੋਣਾਂ ਤੱਕ ਸਥਿਤੀ ਤਣਾਅ ਪੂਰਨ ਰਹੇਗੀ: ਇਮਰਾਨ

ਇਸਲਾਮਾਬਾਦ, 27 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਭਾਰਤ ਵਿੱਚ ਆਮ ਚੋਣਾਂ ਹੋਣ ਤੱਕ ਭਾਰਤ-ਪਾਕਿਸਤਾਨ ਸੰਬੰਧ ਤਣਾਅ ਪੂਰਨ ਬਣੇ ਰਹਿਣਗੇ ਅਤੇ ਉਨ੍ਹਾਂ ਨੂੰ ਭਾਰਤ ਵੱਲੋਂ ਕੋਈ ਮਾੜੀ ਕਾਰਵਾਈ ਕਰਨ ਦਾ ਡਰ ਹੈ। ਪੁਲਵਾਮਾ ਵਿੱਚ ਪਾਕਿਸਤਾਨ ਵਾਲੇ ਅੱਤਵਾਦੀ ਸੰਗਠਨ ਜੈਸ਼-ਏ-



ਮੁਹੰਮਦ ਦੇ 14 ਫਰਵਰੀ ਦੇ ਅੱਤਵਾਦੀ ਹਮਲੇ ਦੇ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਵਧ ਗਿਆ ਹੈ। ਖਾਨ ਨੇ ਕਿਹਾ ਕਿ ਜੰਗ ਦਾ ਖਤਰਾ ਹਾਲੇ ਪਾਕਿਸਤਾਨ ਅਤੇ ਭਾਰਤ ਉੱਤੇ ਮੰਡਰਾ ਰਿਹਾ ਹੈ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਆਮ ਚੋਣਾਂ ਤੋਂ ਪਹਿਲਾਂ 'ਇੱਕ ਹੋਰ ਮਾੜੀ ਕਾਰਵਾਈ' ਕਰ ਸਕਦੀ ਹੈ। ਡਾਨ ਨੇ ਇਮਰਾਨ ਖਾਨ ਦੇ ਹਵਾਲੇ ਨਾਲ ਦੱਸਿਆ ਕਿ ਖਤਰਾ ਅਜੇ ਟਲਿਆ ਨਹੀਂ ਹੈ। ਭਾਰਤ ਵਿੱਚ ਆਗਾਮੀ ਆਮ ਚੋਣਾਂ ਤੱਕ ਸਥਿਤੀ ਤਣਾਅ ਪੂਰਨ ਰਹੇਗੀ। ਅਸੀਂ ਭਾਰਤ ਵੱਲੋਂ ਕਿਸੇ ਵੀ ਤਰ੍ਹਾਂ ਦੇ ਹਮਲੇ ਨੂੰ ਰੋਕਣ ਲਈ ਪਹਿਲਾਂ ਤੋਂ ਤਿਆਰ ਹਾਂ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਅਫਗਾਨਿਸਤਾਨ ਸਰਕਾਰ ਦੀ 'ਚਿੰਤਾਵਾਂ' ਦੇ ਕਾਰਨ ਤਾਲਿਬਾਨ ਦੇ ਨਾਲ ਇਸਲਾਮਾਬਾਦ ਵਿੱਚ ਆਪਣੀ ਪ੍ਰਸਤਾਵਿਤ ਬੈਠਕ ਰੱਦ ਕਰ ਦਿੱਤੀ। ਇਸ ਦੌਰਾਨ ਇਮਰਾਨ ਖਾਨ ਨੇ ਭ੍ਰਿਸ਼ਟਾਚਾਰ ਕੇਸ ਵਿੱਚ ਜੇਲ੍ਹ ਵਿੱਚ ਬੰਦ ਬਿਮਾਰ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਛੇ ਹਫਤੇ ਦੀ ਜ਼ਮਾਨਤ ਮਨਜ਼ੂਰ ਕੀਤੇ ਜਾਣ ਬਾਰੇ ਕਿਹਾ ਕਿ ਸਰਕਾਰ ਕੋਰਟ ਦੇ ਫੈਸਲੇ ਦਾ ਸਨਮਾਨ ਕਰਦੀ ਹੈ। ਖਾਨ ਨੂੰ ਜਦ ਸ਼ਰੀਫ ਦੀ ਜ਼ਮਾਨਤ ਮਨਜ਼ੂਰ ਹੋਣ ਦੀ ਜਾਣਕਾਰੀ ਦਿੱਤੀ ਗਈ, ਓਦੋਂ ਉਹ ਮੰਤਰੀ ਮੰਡਲ ਬੈਠਕ ਕਰ ਰਹੇ ਸਨ। ਖਾਨ ਨੇ ਕਿਹਾ ਕਿ ਅਸੀਂ ਪਹਿਲਾਂ ਹੀ ਨਵਾਜ਼ ਸ਼ਰੀਫ ਨੂੰ ਸਾਰੀਆਂ ਡਾਕਟਰੀ ਸਹੂਲਤਾਂ ਮੁਹੱਈਆ ਕਰਾਉਣ ਦਾ ਹੁਕਮ ਦਿੱਤਾ ਹੋਇਆ ਹੈ।


ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
- Special Flights to India and Pakistan
- Special Packages to cuba, mexico
- Online visa application (India)
- Cruise Booking
- Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough



Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6



Honesty, Reliability, Commitment
HomeLife SilverCity
Hira Randhawa
Broker
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$679,000 — William Prkwy/Chinguacouasy
All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.

$699,000 — Morning Star/Airport
Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.

$778,900 — Charolais & Chinguacouasy
Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.

$789,000 — Chinguacousy/Drinkwater
Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
H.Randhawa
416-319-0551


# ਪਾਕਿ ਸਰਕਾਰ ਵੱਲੋਂ ਪਾਕਿ ਗੁਰਦੁਆਰਾ ਕਮੇਟੀ ਵਿੱਚ ਨਵੇਂ ਮੈਂਬਰ ਸ਼ਾਮਲ



ਲਾਹੌਰ, 27 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ ਐਸ ਜੀ ਪੀ ਸੀ) ਦੇ ਸਾਬਕਾ ਪ੍ਰਧਾਨ ਮਸਤਾਨ ਸਿੰਘ ਵੱਲੋਂ ਲਾਹੌਰ ਹਾਈ ਕੋਰਟ 'ਚ ਕਮੇਟੀ ਦੀ ਨਿਯਮਾਂ ਤੇ ਪ੍ਰਬੰਧਾਂ 'ਚ ਖਾਮੀਆਂ ਬਾਰੇ ਦਰਜ ਕਰਾਈ ਪਟੀਸ਼ਨ ਪਿੱਛੋਂ ਪਾਕਿ ਸਰਕਾਰ ਨੇ ਕੱਲ੍ਹ ਕਮੇਟੀ ਦੇ ਨਵੇਂ ਮੈਂਬਰਾਂ ਦਾ ਐਲਾਨ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਹੁਸੈਨ ਨੇ ਪ੍ਰੈਸ ਕਾਨਫਰੰਸ 'ਚ ਦੱਸਿਆ ਕਿ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ ਟੀ ਪੀ ਬੀ) ਅਤੇ ਪੀ ਐਸ ਜੀ ਪੀ ਸੀ ਦੇ ਪੁਰਾਣੇ ਚੱਲੇ ਆ ਰਹੇ ਨਿਯਮਾਂ 'ਚ ਤਬਦੀਲੀ ਕਰ ਕੇ ਨਵੀਂ ਨੀਤੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਨਵੰਬਰ ਮਹੀਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੇ ਨਾਲ ਵੱਡੇ ਪੱਧਰ 'ਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾਣਾ ਹੈ ਅਤੇ ਇਨ੍ਹਾਂ ਸਮਾਰੋਹਾਂ ਦੀਆਂ ਤਿਆਰੀਆਂ ਵਿੱਚ ਪੀ ਐਸ ਜੀ ਪੀ ਸੀ ਦੀ ਵਿਸ਼ੇਸ਼ ਭੂਮਿਕਾ ਰਹੇਗੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਮੈਂਬਰਾਂ ਦਾ ਐਲਾਨ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਵਿੱਚ ਬਿਸ਼ਨ ਸਿੰਘ, ਤਾਰਾ ਸਿੰਘ, ਕੁਲਜੀਤ ਸਿੰਘ, ਮਨਿੰਦਰ ਸਿੰਘ, ਗੋਪਾਲ ਸਿੰਘ ਚਾਵਲਾ, ਸਾਹਿਬ ਸਿੰਘ, ਸੰਤੋਖ ਸਿੰਘ, ਸ਼ਮਸ਼ੇਰ ਸਿੰਘ, ਭਗਤ ਸਿੰਘ ਅਤੇ ਐਮ ਪੀ ਏ ਮਹਿੰਦਰਪਾਲ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਸਿੱਖ ਕੌਂਸਲ ਆਫ ਪਾਕਿਸਤਾਨ ਦੇ ਚੇਅਰਮੈਨ ਮਸਤਾਨ ਸਿੰਘ ਨੇ ਕਿਹਾ ਕਿ ਉਨ੍ਹਾਂ ਅਦਾਲਤ 'ਚ ਪਟੀਸ਼ਨ ਦਾਇਰ ਕਰ ਕੇ ਕਮੇਟੀ ਦੇ ਪ੍ਰਧਾਨ ਅਤੇ ਹੋਰ ਮੈਂਬਰਾਂ ਦੀ ਨਿਯੁਕਤੀ ਨਿਰਪੱਖ ਚੋਣ ਦੇ ਆਧਾਰ 'ਤੇ ਕਰਾਉਣ ਦੀ ਮੰਗ ਕੀਤੀ ਸੀ। ਉਨ੍ਹਾਂ ਅਦਾਲਤ ਨੂੰ ਇਹ ਵੀ ਦੱਸਿਆ ਕਿ ਪੀ ਐਸ ਜੀ ਪੀ ਸੀ ਦੀ ਮਿਆਦ ਨੂੰ ਖਤਮ ਹੋਇਆ ਲੰਬਾ ਸਮਾਂ ਬੀਤ ਚੁੱਕਿਆ ਹੈ, ਇਸ ਦੇ ਬਾਵਜੂਦ ਕਮੇਟੀ ਦਾ ਪ੍ਰਧਾਨ ਅਹੁਦੇ 'ਤੇ ਟਿਕਿਆ ਹੋਇਆ ਹੈ। ਇਸ ਮਾਮਲੇ ਦੀ ਸੁਣਵਾਈ ਅਦਾਲਤ ਵੱਲੋਂ ਦੋ ਅਪ੍ਰੈਲ ਤੱਕ ਮੁਲਤਵੀ ਕੀਤੀ ਗਈ ਹੈ। ਮਸਤਾਨ ਸਿੰਘ ਨੇ ਕਿਹਾ ਕਿ ਪਾਕਿ ਸਿੱਖ ਭਾਈਚਾਰੇ ਨੂੰ 'ਸਰਬ ਸੰਮਤੀ' ਦੇ ਨਾਂਅ 'ਤੇ ਈ ਟੀ ਪੀ ਬੀ ਵੱਲੋਂ ਆਪਣੀ ਸਵੈ ਇੱਛਾ ਨਾਲ ਕੀਤੀ ਗਈ ਕਮੇਟੀ ਦੇ ਉਕਤ ਮੈਂਬਰਾਂ ਦੀ ਚੋਣ ਸਵੀਕਾਰ ਨਹੀਂ ਹੈ। ਕਮੇਟੀ ਪ੍ਰਧਾਨ ਅਤੇ ਈ ਟੀ ਪੀ ਬੀ ਅਧਿਕਾਰੀਆਂ 'ਤੇ ਨਿਯਮਾਂ ਦੇ ਵਿਰੁੱਧ ਚੱਲਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਗੁਰਦੁਆਰਿਆਂ 'ਚ ਕੇਅਰ ਟੇਕਰ ਅਹੁਦਿਆਂ 'ਤੇ ਸਿੱਖਾਂ ਨੂੰ ਨਿਯੁਕਤ ਕਰਨ ਦੀ ਥਾਂ ਸਿਰਫ ਮੁਸਲਿਮ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਈ ਟੀ ਪੀ ਬੀ ਦੀ ਕਾਰਜਸ਼ੈਲੀ 'ਚ ਪਾਰਦਰਸ਼ਤਾ ਨਹੀਂ ਹੈ ਅਤੇ ਗੁਰਦੁਆਰਾ ਕਮੇਟੀ ਬੋਰਡ ਦੇ ਇਸ਼ਾਰਿਆਂ 'ਤੇ ਚੱਲ ਰਹੀ ਹੈ।


FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424


## ਮੇਘਾਲਿਆ ਦੀ ਗੁਫਾ ਵਿੱਚ ਚੂਨਾ ਪੱਥਰ ਦੇ ਢੇਰਾਂ ਤੋਂ ਹੜ੍ਹ, ਸੋਕੇ ਦਾ ਅੰਦਾਜ਼ਾ

ਵਾਸ਼ਿੰਗਟਨ, 27 ਮਾਰਚ (ਪੋਸਟ ਬਿਊਰੋ)- ਮੇਘਾਲਿਆ ਦੀ ਇਕ ਗੁਫਾ ਵਿੱਚ ਚੂਨਾ ਪੱਥਰ ਦੇ ਢੇਰ ਨੇ ਮੌਸਮ ਤਬਦੀਲੀ ਦੇ ਅਣਸੁਲਝੇ ਰਾਜ਼ ਨੂੰ ਜਾਣਨ ਵਿੱਚ ਮਦਦ ਕੀਤੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਗੁਫਾ ਦੀ ਛੱਤ ਦੇ ਟਪਕਣ ਨਾਲ ਫਰਸ਼ ਉਤੇ ਜਮ੍ਹਾ ਹੋਏ ਚੂਨਾ ਪੱਥਰ ਦੀ ਤਲਹਟੀ (ਸਟਲੈਗਮਾਈਟ) ਨਾਲ ਦੇਸ਼ ਵਿੱਚ ਮਾਨਸੂਨ ਦੇ ਪੈਟਰਨ, ਸੋਕੇ ਅਤੇ ਹੜ੍ਹ ਦੇ ਬਾਰੇ ਵਿੱਚ ਵਧਿਆ ਅਨੁਮਾਨ ਲਾਇਆ ਜਾ ਸਕਦਾ ਹੈ।

ਅਮਰੀਕਾ ਵਿੱਚ ਵੰਡੇਰਬਿਲਟ ਯੂਨੀਵਰਸਿਟੀ ਦੇ ਖੋਜੀਆਂ ਨੇ ਪਿਛਲੇ 50 ਸਾਲ ਵਿੱਚ ਮੇਘਾਲਿਆ ਵਿੱਚ ਮਾਵਮਲੂ ਗੁਫਾ ਦੇ ਅੰਦਰ ਟਪਕਣ ਵਾਲੇ ਚੂਨਾ ਪੱਥਰ (ਸਟਲੈਗਮਾਈਟ) ਦੇ ਵਧਦੇ ਢੇਰ ਦਾ ਅਧਿਐਨ ਕੀਤਾ ਹੈ ਅਤੇ ਮੇਘਾਲਿਆ ਨੂੰ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਮੀਂਹ ਵਾਲੇ ਖੇਤਰ ਦੇ ਤੌਰ 'ਤੇ ਮੰਨਿਆ ਜਾਂਦਾ ਹੈ। ਸਾਇੰਟਿਫਿਕ ਰਿਪੋਰਟ' ਵਿੱਚ ਪ੍ਰਕਾਸ਼ਿਤ ਅਧਿਐਨ ਵਿੱਚ ਪੂਰਬਉਤਰ ਭਾਰਤ ਵਿੱਚ ਸਰਦੀ ਦਾ ਮੀਂਹ ਤੇ ਪ੍ਰਸ਼ਾਂਤ ਮਹਾਸਾਗਰ ਵਿੱਚ ਜਲਵਾਯੂ ਸਥਿਤੀ ਵਿੱਚ ਅਸਧਾਰਨ ਸੰਬੰਧ ਮਿਲਿਆ ਹੈ। ਮਾਵਮਲੂ ਗੁਫਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਚੂਨਾ ਪੱਥਰ ਦਾ ਢੇਰ ਘਟਨਾਵਾਂ ਦੀ ਜਾਣਕਾਰੀ, ਪਿਛਲੇ ਕੁਝ ਹਜ਼ਾਰ ਸਾਲਾਂ ਵਿੱਚ ਭਾਰਤ ਵਿੱਚ ਸੋਕੇ ਦਾ ਸੰਕੇਤ ਦਿੰਦਾ ਹੈ।


MICHELIN | Hankook | Continental | ROADLUX | BFGoodrich | AEOLUS | COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Chevron Delo
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਸੁਰਜੀਤ ਪਾਤਰ ਵੱਲੋਂ ਲਿਖੇ ਜੀ ਐਨ ਡੀ ਯੂ ਦੇ 'ਕੁੱਲ ਗੀਤ' ਦਾ ਝੇੜਾ ਹਾਲੇ ਵੀ ਕਾਇਮ



ਅੰਮ੍ਰਿਤਸਰ, 27 ਮਾਰਚ (ਪੋਸਟ ਬਿਊਰੋ)- ਇਕ ਪਾਸੇ ਜਿਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਆਪਣੇ 50ਵੇਂ ਸਥਾਪਨਾ ਦਿਵਸ ਦੀਆਂ ਤਿਆਰੀਆਂ 'ਚ ਰੁੱਝੀ ਹੋਈ ਹੈ, ਦੂਸਰੇ ਪਾਸੇ ਕਵੀ ਸੁਰਜੀਤ ਪਾਤਰ ਦੇ ਲਿਖੇ ਹੋਏ ਯੂਨੀਵਰਸਿਟੀ ਦੇ ਨਵੇਂ 'ਕੁੱਲ ਗੀਤ' ਬਾਰੇ ਭੰਬਲਭੂਸਾ ਕਾਇਮ ਹੈ। ਪੰਥਕ ਸੰਗਠਨਾਂ ਨੇ ਜੀ ਐਨ ਡੀ ਯੂ ਨੂੰ ਚਿਤਾਵਨੀ ਦੇ ਕੁੱਲ ਗੀਤ ਬੰਦ ਕਰਨ ਲਈ ਕਿਹਾ ਹੈ, ਪਰ ਯੂਨੀਵਰਸਿਟੀ ਦੇ ਅਧਿਕਾਰੀ ਇਹ ਸਪੱਸ਼ਟੀਕਰਨ ਦੇ ਰਹੇ ਹਨ ਕਿ ਯੂਨੀਵਰਸਿਟੀ ਦਾ ਕੁੱਲ ਗੀਤ 'ਦੇਹਿ ਸ਼ਿਵਾ' ਸ਼ਬਦ ਦਾ ਬਦਲ ਬਣਾਇਆ ਹੀ ਨਹੀਂ ਗਿਆ।

ਵਰਣਨ ਯੋਗ ਹੈ ਕਿ ਬੀਤੇ ਦਿਨੀਂ ਯੂਨੀਵਰਸਿਟੀ ਵਲੋਂ ਕਰਾਏ ਅੰਤਰ ਵਿਭਾਗ ਸੱਭਿਆਚਾਰਕ ਸਮਾਗਮ ਗੋਲਡਨ ਜੁਬਲੀ ਜਸ਼ਨ 2019 ਦੇ ਸਮਾਪਤੀ ਸਮਾਗਮ ਮੌਕੇ ਕਵੀ ਸੁਰਜੀਤ ਪਾਤਰ ਦਾ 'ਕੁੱਲ ਗੀਤ' ਜਾਰੀ ਕੀਤਾ ਗਿਆ ਸੀ ਅਤੇ ਨਾਲ ਇਸ ਕੁੱਲ ਗੀਤ ਨੂੰ ਯੂਨੀਵਰਸਿਟੀ ਦੀ ਵੈਬਸਾਈਟ 'ਤੇ ਪਾਇਆ ਗਿਆ ਸੀ। ਇਸ ਗੀਤ ਦੇ ਜਾਰੀ ਹੋਣ ਨਾਲ ਪੰਥਕ ਹਲਕਿਆਂ 'ਚ ਤਰਥੱਲੀ ਮੱਚ ਗਈ ਸੀ ਅਤੇ ਇਸ ਦੇ ਵਿਰੋਧ 'ਚ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਤੋਂ ਇਲਾਵਾ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਮਨਜੀਤ ਸਿੰਘ ਭੋਮਾ ਨੇ ਵੀ ਯੂਨੀਵਰਸਿਟੀ ਨੂੰ ਚਿਤਾਵਨੀ ਦਿੱਤੀ ਕਿ ਇਸ ਗੀਤ ਨੂੰ ਬੰਦ ਕਰ ਕੇ ਸਿਰਫ ਸ਼ਬਦ 'ਦੇਹਿ ਸ਼ਿਵਾ' ਨੂੰ ਸਮਾਗਮਾਂ 'ਤੇ ਗਾਇਆ ਜਾਵੇ।

ਦੂਸਰੇ ਪਾਸੇ ਜੀ ਐਨ ਡੀ ਯੂ ਦੇ ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਵੱਲੋਂ ਆਪਣੇ ਅਹਿਮ ਸਮਾਗਮਾਂ ਦੇ ਸ਼ੁਰੂ 'ਚ ਸ਼ਬਦ 'ਦੇਹਿ ਸ਼ਿਵਾ' ਗਾਇਨ ਕੀਤਾ ਜਾਂਦਾ ਹੈ ਅਤੇ ਭਵਿੱਖ 'ਚ ਇਸੇ ਪ੍ਰੰਪਰਾ ਨੂੰ ਜਾਰੀ ਰੱਖਿਆ ਜਾਵੇਗਾ। ਯੂਨੀਵਰਸਿਟੀ ਵੱਲੋਂ ਸ਼ਬਦ ਦੀ ਥਾਂ ਤੇ ਕੁੱਲ ਗੀਤ ਬਦਲਣ ਦਾ ਕੋਈ ਫੈਸਲਾ ਨਹੀਂ ਹੋਇਆ ਅਤੇ ਇਸ ਸਬੰਧੀ ਕਿਸੇ ਵੀ ਗਲਤਫਹਿਮੀ ਦੀ ਸੰਭਾਵਨਾ ਨਹੀਂ ਹੋਣੀ ਚਾਹੀਦੀ। ਉਨ੍ਹਾਂ ਸਪੱਸ਼ਟ ਕੀਤਾ ਕਿ ਯੂਨੀਵਰਸਿਟੀ ਦਾ ਕੁੱਲ ਗੀਤ ਕਿਸੇ ਹਾਲਤ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ ਦਾ ਬਦਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਮਹੱਤਵ ਪੂਰਨ ਸਮਾਗਮਾਂ ਦੇ ਸ਼ੁਰੂ 'ਚ ਇਸ ਸ਼ਬਦ ਨੂੰ ਸਤਿਕਾਰ ਸਹਿਤ ਅਤੇ ਸ਼ਰਧਾ ਨਾਲ ਪ੍ਰੰਪਰਾ ਅਨੁਸਾਰ ਗਾਇਨ ਕੀਤਾ ਜਾਂਦਾ ਹੈ ਅਤੇ ਭਵਿੱਖ 'ਚ ਵੀ ਸ਼ਬਦ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਜਾਵੇਗਾ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਕੁੱਲ ਗੀਤ ਦਾ ਉਚਾਰਣ ਯੂਨੀਵਰਸਿਟੀ ਦੇ ਕਿਸੇ ਵੀ ਮਹੱਤਪੂਰਨ ਸਮਾਗਮ ਦੀ ਆਰੰਭਤਾ ਮੌਕੇ ਅਜੇ ਤੱਕ ਨਹੀਂ ਕੀਤਾ ਗਿਆ।

## ਐੱਸ ਐੱਸ ਪੀ ਦੀ ਮੰਤਰੀ ਨਾਲ ਰਿਸ਼ਤੇਦਾਰੀ ਬਾਰੇ ਚੋਣ ਕਮਿਸ਼ਨ ਨੂੰ ਰਿਪੋਰਟ ਭੇਜੀ




